੧ਓ ਸਤਿਗੁਰ ਪ੍ਰਸਾਦਿ॥

# ਅੰਮ੍ਰਿਤ ਕੀਰਤਨ

ਵਿਚੋਂ ਚੋਣਵੇਂ ਸਬਦ

Selected Shabads from

# Amrit Kirtan

Text, Transliteration and English Translation

(This book contains 250 Shabads)

Publisher :

*B. Chattar Singh Jiwan Singh*

Amritsar (India)

Sri Satguru Jagjit Singh Ji eLibrary NamdhariElibrary@gmail.com

© Publisher

ISBN 81-7601-549-0

Fourth Edition May 2008
Fifth Edition February 2013

*Edited by* Dr. Ajit Singh Aulakh M.A. Ph.D.

An ISO 9001:2008 Certified Publishing House
No. 101809-401

Published by

**B. Chattar Singh Jiwan Singh**

Bazar Mai Sewan, Amritsar. (India)
Ph : (0183) 2557973, 2547974 Fax : 5017488
E-mail : csjssales@hotmail.com,
: csjspurchase@yahoo.com
Visit our Website : www.csjs.com

Printed in INDIA

Printer: Jiwan Printers, #312, East Mohan Nagar, Amritsar. Ph: 2705003, 5095774

Sri Satguru Jagjit Singh Ji eLibrary NamdhariElibrary@gmail.com

# CONTENTS

Aa-e mil gursikh aa-e mil ........ 148
Aa-o jee too aa-o hamaarai ........ 154
Aagi-aa bha-ee akaal kee ........ 1
Aap japaa-e japai so naa-o ........ 103
Ab hum chalee thaakur peh haar ........ 203
Ab mohe raam apna kar jaania ........ 215
Abichal nagar gobind guroo kaa ........ 189
Achhal chhalaa-ee neh chhalai ........ 76
Aise gur kau bal bal jaa-ee-ai ........ 84
Aisee kirpaa mohe karoh ........ 56
Aisee laal tujh bin kaun karai ........ 102
Aisee preet gobind si-o laagee ........ 60
Amrit baanee har har teree ........ 23
Anand Sahibb ........ 273
Antarjaamee so prabh pooraa ........ 19
Apne sewak ki aape rakhai ........ 187
Ardas ........ 281
Aukhee gharee na dekhan de-ee ........ 27
Avaho sajna hau dekha ........ 248
Aval Allah noor upaa-i-aa ........ 136
Av man mayri-aa too sadaa ........ 275
Etee maar pa-ee kuralaane ........ 35
Baabaa man matavaaro naam ras ........ 63
Bhalke uth parauhana merai ghar ........ 249
Beet jaihai beet jaihai janam ........ 233
Bhagataa kee tek toon santaa kee ot ........ 140
Bhinni rainaree-ai chamkan taare ........ 234
Bhoole maarag jineh bataa-i-aa ........ 95
Bhoolee maalnee hai eo ........ 224
Bisar ga-ee sabh taat paraa-ee ........ 239
Bol har naam safal saa gharee ........ 49
Chaadanaa chaadan aangan, prabh ........ 13
Charan chalo maarag Gobind ........ 4
Charan saran gur ek paindaa jaa-e ........ 98
Chatur disaa keeno bal apanaa ........ 17
Chit aavai os paarbrahm ........ 198
Chojee mere govindaa chojee ........ 116
Daas tere kee benatee rid kar ........ 55
Darshan dekh jeevaa gur teraa ........ 90
Darshan kau lochai sabh ko-ee ........ 167
Deh sivaa bar mohe ihai ........ 2
Dhan so velaa jit darsan karnaa ........ 188
Dhur ki baanee aayee. Tin saglee ........ 242
Dilho muhbat jinn se-ee sachi-aa ........ 179
Dist bikaaree bandhan bandhe, hau tis kai ........ 226
Dithe sabhe thaav nahee tudh ........ 123
Du-e du-e lochan pekha ........ 183
Du-e kar jor karo ardaas ........ 39
Dukh bhanjan teraa naam jee ........ 150
Eh saagar soee tarai, jo har gun gaae ........ 208
Ek anek bi-aapak poorak ........ 171
Ek jot ekaa milee, kimba hoe mahoe ........ 173

Gagan damaama baaji-o .... 160
Galee jog na ho-ee .... 45
Ghar baahar tera bharvaasa .... 105
Ghol ghumaa-ee laalanaa gur man .... 186
Gun gan udaar, Mehimaa apaar .... 181
Gur bin avar naahi mai thaao .... 218
Gur govind mere man dhi-aa-e .... 37
Gur jaisaa naahee ko dev .... 112
Gur kaa darshan dekh dekh jeevaa .... 53
Gur kar gi-aan dhiaankar dhaavai kar .... 63
Gur meri pooja Gur Gobind .... 218
Gur parmesar poojee-ai man tan laae .... 199
Gur poorai charnee laaiaa, Har sang .... 212
Gur poorai meri raakh laee .... 250
Gur prasaad mere man vasi-aa .... 75
Gur Raam Daas raakho sarnaa-ee .... 83
Gur sat gur kaa jo Sikh akhaa-e .... 10
Gur sewa te bhagat .... 231
Gur ji ke darsan ko bal jaao .... 251
Halat sukh palat sukh nit sukh .... 94
Hale yaaraan hale vaaraan, khuskhabaree .... 235
Ham avagun bhare ek gun naahee .... 83
Ham dolat beri paap bharee hai .... 252
Ham santan kee ren piaare .... 146
Hamaree ganat na ganee-aa kaa-ee .... 92
Hamarra thaakur sabh te oochaa .... 75
Haun balhaarai jaao saache tere .... 237
Hao qurbaanai jao miharvaana .... 229
Har bin kaun sahaa-ee man kaa .... 59
Har chautharee laav man sehj .... 268
Har darshan kau meraa man bauh .... 124
Har din rain keertan gaaee-ai .... 212
Har doojaree laav satigur purakh .... 266
Har har naam mai har man bhaq-i-aa .... 29
Har jan sant miloh mere bhaa-ee .... 210
Har ji maata, har ji pita .... 260
Har kee-aa kathaa kahaanee-aa .... 148
Har man tan vasi-aa so-ee .... 80
Har pehilaree laav parvirtee karam .... 265
Har sache takhat rachaa-i-aa .... 72
Har teejaree laav satigur purakh .... 267
Harnee hovaa ban basaa .... 169
Hau ki-aa saalaahee kiram jant .... 121
Hau qurbaan jaa-ee tere naavai .... 80
Hau reh na sakaa bin dekhe .... 29
He Gobind he Gopaal .... 79
Ham bheekhak bhekhaaree tere, toon nijpat .... 237
Hum sar deen diaal na tum sar .... 216
Ichhaa poorak sarab sukh daataa har .... 122
Ih kaaran prabh mohe pathaayo .... 104
Ih tan maaiaa paahiaa piaare, leetra lab .... 229
Ik gharee dinas mo kau bauhat .... 166
In hee kee kirpa ke saje ham hain .... 107
Jaa kai simran sabh kachh paa-ee-ai .... 185
Jaa kau muskal at ban-ai dho-ee koee na .... 197
Jaa too merai val hai taa ki-aa .... 25
Jaagat jot japai nis baasur .... 117
Jab laq khaalsa rehay ni-aaraa .... 70

Jab lau nehee bhaag lilaar udai ........ 125
Jagat jalandaa rakh lai aapanee kirpaa ........ 67
Jai jai jag kaaran ........ 73
Ja aap kirpaal hovai har suaamee ........ 222
Janam janam ke dookh nivaarai ........ 82
Jao tum girvar tau ham moraa ........ 175
Jap man satnaam sadaa satnaam ........ 122
Jap man mere Govind kee baanee ........ 214
Japao jin Arjun Dev Guroo ........ 125
Jau tum girvar, tau ham mora ........ 220
Jee-a ke daate preetam ........ 188
Jeh bhulee jeh chukee saaee ........ 254
Jhim jhim varsai amrit dhaaraa ........ 15
Jin jin naam dhiaaiaa tin ke kaaj ........ 223
Jinee naam visaari-aa ........ 190
Jinna'n Singha'n Singhnee-a'n ........ 278
Jis daa saahib daadhaa hoe ........ 111
Jis ke sir oopar toon su-aamee ........ 156
Jis no too rakh' ıala maare tis kaun ........ 194
Jis simrat dookh sabh jaae ........ 214
Jis simrat sabh kilvikh naaseh ........ 126
Jo maageh ........ 17
Jog na khinthaa jog na dandai ........ 45
Judh jite in hee ke prasaad ........ 107
Kaha bhayo jo do-oo lochan mood kai ........ 228
Kaahe man too dolta ........ 236
Kanchan sio paaee-ai nahee tol ........ 215
Kar ishnaan simar prabh apanaa ........ 144
Karee paaksaal soch pavitraa ........ 259
Kaun taraajee kavan tulaa ........ 164
Kaval nain madhur bain ........ 168
Keetaa loreh so prabh ho-e ........ 39
Khaalsaa mero roop hai khaas ........ 68
Khag khand bihandang, khal dal ........ 73
Ko-ee bole Ram Ram ko-ee khudaae ........ 129
Khuraasaan khasamaana kee-aa ........ 35
Kia too socheh kia tu chitveh ........ 258
Kirpaa karoh deen ke daate ........ 158
Kita loria kam, so har paih ........ 270
Ko-ee aakhai bhootanaa ko kehai ........ 31
Ko-ee aan milaavai meraa preetam ........ 96
Ko-oo bha-i-o mundee-aa sanni-aasee ........ 110
Kot brahmand ko thaakur su-aamee ........ 51
Laaj marai jo naam na levai ........ 37
Laava Shabads ........ 263
Lakh khusee-aa paatisaahee-aa ........ 108
Lobh lehr at neejhar baajai ........ 99
Maadhve tum na toroh tau ham ........ 175
Maaganaa maagan neekaa ........ 13
Maanas kee jaat sabai ekai ........ 110
Maarvaar jaise neer baalhaa bel ........ 43
Madhsoodan mere man tan praanaa ........ 138
Mai andhule kee tek ........ 100
Mai ho param purakh ko daasaa ........ 104
Mai banajaaran raam kee ........ 169
Main prabh milan prem man aasa ........ 206
Man ki-o bairaag karehgaa ........ 193
Man mero gaj jihbaa meree kaatee ........ 118

Sri Satguru Jagjit Singh Ji eLibrary NamdhariElibrary@gmail.com

Man tan tera dhan bhee tera .................................... 8
Maulee dhartee mauli-aa akaas .................................. 74
Mera baid guroo govindaa .................................. 82
Mera man lochai gur darshan taa-ee .......................... 47
Mera piaara preetam satgur ............................ 138
Meraa satigur rakhavaalaa ho-aa .......................... 115
Merai man prem lago har teer .......................... 124
Merai man tan prem naam aadhaar .......................... 81
Mere raam raae jio raakheh .............................. 130
Mere laal jee-o tera ant na jaanaa .......................... 164
Mere man naam .............................................. 190
Mere man sat gur sev sukh ho-ee .......................... 158
Mere raam raae toon santaa kaa .......................... 156
Mere saahib toon mai maan nimaanee .......................... 33
Mere saajan har har naam samaal .......................... 200
Mere saahaa mai har darshan sukh .......................... 132
Meethe har gun gaa-o jindoo toon .......................... 57
Meri sangat poch soch din raati .......................... 247
Miharvaan sahib miharvaan. Sahib mera .......................... 256
Mitr piaare noon .............................................. 106
Mohan ghar aavoh karau jodaree-aa .......................... 50
Mokau taar le raamaa taar le .......................... 93
Naam japoh mere saajan sainaa .......................... 81
Naaraa-in narpat namaskaarai .......................... 84
Naasro o mansoor Gur Gobind Singh .......................... 195
Namo namo namo namo net net .......................... 98
Nindo nindo moko log nindo .......................... 204
Ooch apaar beant su-aamee .......................... 85
Oothat sukhee-aa baithat sukhee-aa .......................... 12
Paanee pakhaa peesau sant aagai .......................... 142
Paarbrahm parmesar satgur .......................... 130
Parmaser dita banna .......................... 242
Paatee torai malnee paatee paatee jeeo .......................... 224
Prabh ihai manorath mera .......................... 202
Prabh hoe kirpaal to iho man laa-ee .......................... 193
Prabh jeeo toon mero saahib daataa .......................... 191
Prabh keejai kirpaa nidhaan .......................... 152
Prabh kee saran sagal bhai .......................... 191
Prabh si-o laag rehi-o meraa cheet .......................... 27
Pragat bha-ee sagle jug antar .......................... 144
Pootaa maataa kee aasees .......................... 126
Raaj leelaa terai naam banaa-ee .......................... 87
Raakhaa ek hamaara su-aamee .......................... 12
Raam Daas sarovar naate .......................... 28
Raam Rang kade utar na jaae .......................... 217
Raama-ee-aa hau baarik teraa .......................... 119
Raam gusaaeeaa jia ke jeevna .......................... 247
Ram japau jee-a aise aise .......................... 241
Rate ishk khudaa-e rang deedaar ke .......................... 179
Rehinee rehai so-ee sikh meraa .......................... 70
Rogan te ar sogan te .......................... 101
Saachi preet hum tum sio joree .......................... 220
Saajanaraa meraa saajanaraa .......................... 128
Saaval sundar raama-ee-aa .......................... 173
Sabh gobind hai sabh gobind hai .......................... 171
Sabh kichh ghar meh baahar naahee .......................... 15
Sabhai ghat raam bolai .......................... 78
Sabhana kee too aas hai .......................... 132

Sabhe thok paraapte, Je aavai ik ........ 108
Saachav saahibaa ki-aa naahee ........ 276
Sansaar samunde taar gobinde ........ 99
Sat gur kee sewa safal hai ........ 5
Satgur aa-i-o saran tuhaaree ........ 86
Satgur hoe diaal ta ........ 244
Satgur meraa bemuhtaaj ........ 112
Satgur Naanak pargati-aa ........ 88
Satgur paas benantee-aa, milai naam ........ 140
Se sanjog karoh mere piaare ........ 91
Sej ek eko prabh thakur ........ 206
Sewak kee ardaas pi-aare ........ 21
Sawak ke bharpoor jug jug ........ 246
Si-aam sundar taj need ki-o aa-ee ........ 167
Simar manaa raam naam chitaare ........ 95
Simrit bed puraan pukaaran pothee-aa ........ 65
So-ee dhi-aa-ee-ai jee-are sir ........ 41
Sooraa so pehichaanee-ai ........ 160
Sun yaar hamaare sajan ........ 176
Sut aparaadh karat hai jete ........ 119
Taatee vaa-o na laga-ee ........ 114
Tahaa baikunth jeh keertan teraa ........ 130
Teraa mukh suhaavaa jee-oo sehj ........ 47
Teraa naam rooro, roop rooro ........ 43
Thaakur tum sarnaa-ee aa-i-aa ........ 18
Tilak janjhoo raakhaa prabh taakaa ........ 162
Tis gur kau simarau saas saas ........ 53
Too be-ant ko virlaa jaanai ........ 21
Too daree-aa-o daanaa beenaa mai ........ 61
Too thaakur tum peh ardaas ........ 3
Toon daataa jee-aa sabhanaa kaa ........ 26
Toon meraa pitaa toon hai meraa ........ 6
Toon mera sakhaa toon hee ........ 177
Toon sabhanee thaa-ee jithai hau jaa-ee ........ 120
Toon visareh taa sabh ko laagoo ........ 134
Too mera karta, hao sevak tera ........ 240
Tu mera tarrang hum meen tumaare ........ 240
Tudh aagai ardaas hamaaree ........ 134
Tudh chit aa-e mahaa anandaa ........ 33
Tum karoh da-iaa ........ 142
Upjai nipjai nipaj samaee ........ 243
Ustat man meh kar Nirankaar ........ 4
Ustat ninda Nanak ji ........ 271
Vee-aaho ho-aa mayray baabulaa ........ 269
Vich dunee-aa sev kamaa-ee-ai ........ 76
Visar naahee daataar aapanaa naam ........ 65
Waahiguroo waahiguroo waahiguroo ........ 168
Waaho waaho Gobind Singh ........ 72
LAAVA SHABADS ........ 263
ANAND SAHIB ........ 273
ARDAS ........ 281


Sri Satguru Jagjit Singh Ji eLibrary NamdhariElibrary@gmail.com

# Key to Pronunciation

| | | |
|---|---|---|
| ਅ | a | a (as in Arrive and in Formal) |
| ਆ ਾ | aa | a (as in War) |
| ਇ ਿ | i | i (as in Kit) |
| ਈ ੀ | ee | ee (as in Feet) |
| ਉ ੁ | u | u (as in Put) |
| ਊ ੂ | oo | oo (as in Wool) |
| ਏ ੇ | e | e (as in Grey) |
| ਐ ੈ | ai | a (as in Rat) |
| ਓ ੋ | o | o (as in Coat) |
| ਔ ੌ | au | au (as in God) |
| ਅਂ ਂ | ṅ | n (as in Ring) |
| ਆਂ ਾਂ | aaṅ | an (as in Grant) |
| ਸ | s | s (as in Sun) |
| ਸ਼ | sh | sh (as in Show) |
| ਕ | k | k (as in King) |
| ਖ | kh | kh (as in Khalsa) |
| ਗ | g | g (as in God) |
| ਘ | gh | gh (as in Ghost) |
| ਚ | ch | ch (as in Chattar Singh) |
| ਛ | chh | chh (as in Chhatishgarh) |
| ਜ | j | j (as in Jug) |
| ਝ | jh | jh (as in Jhang) |

| | | |
|---|---|---|
| ਟ | t | t (as in Hut) |
| ਠ | th | th (as in Thaakur) |
| ਡ | d | d (as in Dog) |
| ਢ | dh | dh (as in dholkee) |
| ਣ | ṇ | n (as in Madhaanee) |
| ਤ | t | t (as in Talwandi) |
| ਥ | th | th (as in Thick) |
| ਦ | d | d (as in This) |
| ਧ | dh | dh (as in Dhobi) |
| ਨ | n | n (as in Nut) |
| ਪ | p | P (Pen) |
| ਫ | ph, f | ph, f (as in Phone or Flower) |
| ਬ | b | b (as in Boat) |
| ਭ | bh | bh (as in Bhagat) |
| ਮ | m | m (as in Man) |
| ਯ | y | y (as in Yet) |
| ਰ | r | r (as in Rat) |
| ਲ | l | l (as in Luck) |
| ਵ | v,w | v,w (as in Revolt, Which) |
| ੜ | ṛ | r (as in Pahaar) |
| ਜ਼ | z | z (as in Zebra) |

# ਚੰਡੀ ਚਰਿਤ੍ਰ ਉਕਤਿ ਬਿਲਾਸ ਪਾਤਸ਼ਾਹੀ ੧੦॥

*ਦਸਮ ਗ੍ਰੰਥ (ਪੰਨਾ ੯੯)*

ਦੇਹ ਸ਼ਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ, ਨਿਸਚੈ ਕਰ ਆਪਨੀ ਜੀਤ ਕਰੋਂ॥
ਅਰੁ ਸਿੱਖ ਹੋਂ ਆਪਨੇ ਹੀ ਮਨ ਕੋ, ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਨ ਮੈ ਤਬ ਜੂਝ ਮਰੋਂ॥੨੩੧॥

1. **Deh sivaa bar mohe ihai, subh karaman te kabhoon na taron.**
2. **Na daron ar so jab jaa-e laron, nisachai kar aapanee jeet karon.**
3. **Ar sikh hau aapne hee man kau. ih laalach hau gun tau ucharon.**
4. **Jab aav kee audh nidhaan banai. at hee ran mai tab joojh maron.**

*Chandi Chritar Ukat Bilaas Tenth Guru*

1. Grant me, O God, this blessing: may I never refrain from righteous deeds.
2. May I fight without fear against all the foes in the battle of life. and, with the courage of Faith, achieve the Victory.
3. May my mind be ingrained with Your Teachings. may my highest ambition be to sing Your Praises.
4. And, when the hour of reckoning arrives, may I die fighting in battle, with limitless courage!

ਗਉੜੀ ਸੁਖਮਨੀ ਮਹਲਾ ੫ ॥ (੨੬੮)

ਤੂ ਠਾਕੁਰੁ ਤੁਮ ਪਹਿ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੀ ਰਾਸਿ ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥
ਕੋਇ ਨ ਜਾਨੈ ਤੁਮਰਾ ਅੰਤੁ ॥ ਊਚੇ ਤੇ ਊਚਾ ਭਗਵੰਤ ॥
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥ ਤੁਮ ਤੇ ਹੋਇ ਸੁ ਆਗਿਆਕਾਰੀ ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥ ਨਾਨਕ ਦਾਸ ਸਦਾ ਕੁਰਬਾਨੀ ॥ ੮ ॥ ੪ ॥

**1. Too thaakur tum peh ardaas. Jee-o pind sabh teree raas.**
**2. Tum maat pitaa ham baarik tere. Tumaree kirpaa meh sookh ghanere.**
**3. Ko-i na jaanai tumaraa ant. Ooche te oochaa bhagavant.**
**4. Sagal samagree tumarai sootr dhaaree. Tum te ho-e-su aagi-aakaaree.**
**5. Tumaree gat mit tum hee jaanee. Nanak daas sadaa qurbaanee. 8. 4.**

*Gauree Sukhmani Fifth Guru*

1. You are the Master, to You we make this Supplication. This life and body, all are Your Gifts.
2. You are the Mother and the Father we are Your children. In Your Mercy alone rests our every joy.
3. No one knows Your Extent : You, O Lord, are the Highest of the high.
4. All creation is at Your Command : From You comes the Order of Creation.
5. Your Ways and Means are known only to you. Nanak, Your slave, is ever a sacrifice unto You . 8.4.

---

*This Shabad is from the Fourth Ashtapadee of the Sukhmanee Sahib, written by Guru Arjan Dev. It is traditionally sung by the Sat Sangat before the Ardaas, as the traditional Sikh prayer.*

ਉਸਤਤਿ ਮਨ ਮਹਿ ਕਰਿ ਨਿਰੰਕਾਰ ॥ ਕਰਿ ਮਨ ਮੇਰੇ ਸਤਿ ਬਿਉਹਾਰ ॥
ਨਿਰਮਲ ਰਸਨਾ ਅੰਮ੍ਰਿਤੁ ਪੀਉ ॥ ਸਦਾ ਸੁਹੇਲਾ ਕਰਿ ਲੇਹਿ ਜੀਉ ॥
ਨੈਨਹੁ ਪੇਖੁ ਠਾਕੁਰ ਕਾ ਰੰਗੁ ॥ ਸਾਧਸੰਗਿ ਬਿਨਸੈ ਸਭ ਸੰਗੁ ॥
ਚਰਨ ਚਲਉ ਮਾਰਗਿ ਗੋਬਿੰਦ ॥ ਮਿਟਹਿ ਪਾਪ ਜਪੀਐ ਹਰਿ ਬਿੰਦ ॥
ਕਰ ਹਰਿ ਕਰਮ ਸ੍ਰਵਨਿ ਹਰਿ ਕਥਾ ॥ ਹਰਿ ਦਰਗਹ ਨਾਨਕ ਊਜਲ ਮਥਾ ॥

1. **Ustat man meh kar Nirankaar. Kar man mere sat biohaar.**
2. **Nirmal rasanaa amrit pee-o. Sadaa suhelaa kar leh jee-o.**
3. **Nainoh pekh thaakur kaa rang. Saadh sang binasai sabh sang.**
4. **Charan chalo maarag Gobind. Miteh paap japee-ai Har bind.**
5. **Kar Har karam sravan Har kathaa. Har dargeh nanak oojal mathaa.**

*Gauri Sukhmanee Mahalla 5.*

1. With your mind, recite the Praises of the Formless Lord. O may mind! Know this to be your true occupation.
2. Drink in the Pure Ambrosial Nectar of the Name. Your soul shall always be at peace.
3. With your eyes, see the Lord Master's Play. Leave all others, and join the Company of the Holy.
4. Let your feet carry you in the Way of the Lord. Your sins shall be washed away, chanting the Lord's Name, even for a moment.
5. With your hands, do the Lord's Work, and with your ears hear His Teachings. O Nanak! Your face shall be radiant in the court of the Lord.

ਸਲੋਕੁ ਮ: ੩ (ਰਾਗੁ ਸੋਰਠਿ ਵਾਰ ਮਹਲੇ ੪ ਕੀ) (੬੪੪)

ਸਤਿਗੁਰ ਕੀ ਸੇਵਾ ਸਫਲੁ ਹੈ, ਜੇ ਕੋ ਕਰੇ ਚਿਤੁ ਲਾਇ॥
ਮਨਿ ਚਿੰਦਿਆ ਫਲੁ ਪਾਵਣਾ, ਹਉਮੈ ਵਿਚਹੁ ਜਾਇ॥
ਬੰਧਨ ਤੋੜੈ ਮੁਕਤਿ ਹੋਇ, ਸਚੇ ਰਹੈ ਸਮਾਇ॥
ਇਸੁ ਜਗ ਮਹਿ ਨਾਮੁ ਅਲਭੁ ਹੈ, ਗੁਰਮੁਖਿ ਵਸੈ ਮਨਿ ਆਇ॥
ਨਾਨਕ ਜੋ ਗੁਰੁ ਸੇਵਹਿ ਆਪਣਾ, ਹਉ ਤਿਨ ਬਲਿਹਾਰੈ ਜਾਉ॥ ੧॥

1. **Sat gur kee sewa safal hai, je ko kare chit laa-e.**
2. **Man chindiaa fal paavaṇaa, haumai vichoh jaa-e.**
3. **Bandhan toṛai mukat ho-e, sache rehai samaa-e.**
4. **Is jag meh naam alabh hai, gurmukh vasai man aa-e.**
5. **Nanak jo gur seweh aapaṇaa, hau tis balihaarai jaa-o.1.**

*Salok Third Guru*

1. Fruitful and rewarding is service unto the True Guru; for anyone who performs it by applying his mind to it.
2. The mind-desired rewards are obtained; and the ego departs from within.
3. Such a person breaks his bonds, and is liberated. He remains absorbed in the True Lord.
4. In this world, the Name of the Lord, is difficult to obtain. Through the Guru, it comes to dwell within the mind.
5. O Nanak! One who serves his Guru; unto that person, I am a sacrifice. 1.

ਮਾਝ ਮਹਲਾ ੫ ॥ (੧੦੩)

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥
ਤੂੰ ਮੇਰਾ ਰਾਖਾ ਸਭਨੀ ਥਾਈ, ਤਾ ਭਉ ਕੇਹਾ ਕਾੜਾ ਜੀਉ॥ ੧॥
ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥ ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ॥
ਤੁਝ ਬਿਨੁ ਦੂਜਾ ਅਵਰੁ ਨ ਕੋਈ, ਸਭੁ ਤੇਰਾ ਖੇਲੁ ਅਖਾੜਾ ਜੀਉ॥ ੨॥
ਜੀਅ ਜੰਤ ਸਭਿ ਤੁਧੁ ਉਪਾਏ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥
ਸਭ ਕਿਛੁ ਕੀਤਾ ਤੇਰਾ ਹੋਵੈ, ਨਾਹੀ ਕਿਛੁ ਅਸਾੜਾ ਜੀਉ॥ ੩॥
ਨਾਮੁ ਧਿਆਇ ਮਹਾ ਸੁਖੁ ਪਾਇਆ॥ ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ॥
ਗੁਰਿ ਪੂਰੈ ਵਜੀ ਵਾਧਾਈ, ਨਾਨਕ ਜਿਤਾ ਬਿਖਾੜਾ ਜੀਉ॥ ੪॥ ੨੪॥ ੩੧॥

1. Toon meraa pitaa toon hai meraa maataa. Toon meraa bandhap toon meraa bhraataa.
2. Toon mera raakha sabhanee thaa-ee, ta bhau kehaa kaaṛa jee-o.
3. Tumaree kirpaa te tudh pachhaaṇa. Toon meree ot toon hai mera maaṇa.
4. Tujh bin dooja avar na ko-ee, sabh tera khel akhaaṛa jee-o. 2.
5. Jee-a jant sabh tudh upaa-e. Jit jit bhaanaa tit tit laa-e.
6. Sabh kichh keeta tera hovai, naahee kichh asaaṛa jee-o. 3.
7. Naam dhi-aa-e mahaa sukh paa-i-aa. Har guṇ gaa-e meraa man seetalaa-i-aa.
8. Gur poorai vajee vaadhaa-ee, Nanak jitaa bikhaaṛa jee-o. 4. 24. 31

### *Maajh Fifth Guru*

1. You are my father, Your are my Mother. You are my Kinsman, You are my Brother.
2. You are my Protector in all places. So why should I be fearful or anxious?
3. By Your Mercy You grant understanding. You are my Support, You are my Honour.
4. Without You there is no one else. All the Universe is the Arena of Your Play. 2.
5. All persons and beings are created by You. As is Your Will, so is It written.
6. All things are done by You. Nothing is of our own doing. 3.
7. Meditating upon the Divine Name, I have obtained great peace. Singing the Glorious Praises of the Lord, my soul is cooled and soothed.
8. By the Grace of the Perfect Guru, congratulations are pouring in: Nanak is victorious on the arduous battlefield of life. 4. 24. 31.

ਮਨੁ ਤਨੁ ਤੇਰਾ ਧਨੁ ਭੀ ਤੇਰਾ॥ ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ॥
ਜੀਉ ਪਿੰਡੁ ਸਭੁ ਰਾਸਿ ਤੁਮਾਰੀ, ਤੇਰਾ ਜੋਰੁ ਗੋਪਾਲਾ ਜੀਉ॥ ੧॥
ਸਦਾ ਸਦਾ ਤੂੰਹੈ ਸੁਖਦਾਈ॥ ਨਿਵਿ ਨਿਵਿ ਲਾਗਾ ਤੇਰੀ ਪਾਈ॥
ਕਾਰ ਕਮਾਵਾ ਜੇ ਤੁਧੁ ਭਾਵਾ, ਜਾ ਤੂੰ ਦੇਹਿ ਦਇਆਲਾ ਜੀਉ॥ ੨॥
ਪ੍ਰਭ ਤੁਮ ਤੇ ਲਹਣਾ ਤੂੰ ਮੇਰਾ ਗਹਣਾ॥ ਜੋ ਤੂੰ ਦੇਹਿ ਸੋਈ ਸੁਖੁ ਸਹਣਾ॥
ਜਿਥੈ ਰਖਹਿ ਬੈਕੁੰਠੁ ਤਿਥਾਈ, ਤੂੰ ਸਭਨਾ ਕੇ ਪ੍ਰਤਿਪਾਲਾ ਜੀਉ॥ ੩॥
ਸਿਮਰਿ ਸਿਮਰਿ ਨਾਨਕ ਸੁਖੁ ਪਾਇਆ॥ ਆਠ ਪਹਰ ਤੇਰੇ ਗੁਣ ਗਾਇਆ॥
ਸਗਲ ਮਨੋਰਥ ਪੂਰਨ ਹੋਏ, ਕਦੇ ਨ ਹੋਇ ਦੁਖਾਲਾ ਜੀਉ॥ ੪ ੩੩॥ ੪੦॥

1. Man tan tera dhan bhee tera. Toon ṭhaakur su-aamee Prabh mera.
2. Jee-o pind sabh raas tumaaree, Tera jor gopaala jee-o.1.
3. Sada sada toon hai sukh daa-ee. Niv niv laagaa Teree paa-ee.
4. Kaar kamaava je tudh bhaava, jaa toon deh da-i-aalaa jee-o. 2.
5. Prabh tum te lehṇa toon mera gehṇa. Jo toon deh so-ee sukh sehna.
6. Jithai rakheh baikhunth tithaa-ee, Toon sabhanaa ke pratipaala jee-o. 3.
7. Simar simar Nanak sukh paa-i-aa. Aath pehr tere gun gaa-i-aa
8. Sagal manorath pooran hoe, kade na hoe dukhaala jee-o.4.33.40.

### *Maajh Fifth Guru*

1. This mind and body, all that we possess are Yours. AsYou are my Lord, Master and God
2. This life and body is your property, all might too is Yours.1.
3. You are ever and always the Giver of joy. I humbly bow to touch Your Feet.
4. I act in accordance with Your Will; as You are Merciful to me, O Lord. 2.
5. O God, from You I ask, You are my Provider. Whatever You give to me, I am at peace.
6. Wherever You keep me, there is Heaven, You are the Cherisher of all, O Dear Lord.3.
7. In contemplation Nanak has found peace. Twenty four hours a day, I sing your Glorious Praises.
8. In this way all my desires have fulfilled, and never has sufferings touched me 4. 33. 40.

Sri Satguru Jagjit Singh Ji eLibrary NamdhariElibrary@gmail.com

ਮ: ੪ ॥ (ਗਉੜੀ ਕੀ ਵਾਰ) (੩੦੫-੬)

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ, ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ, ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ, ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ, ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ, ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ੨ ॥

1. **Gur sat gur kaa jo Sikh akhaa-e; so bhalke uṭh harinaam dhi-aavai.**
2. **Udam kare bhalke parbhaatee; ishnaan kare amrit sar naavai.**
3. **Updes Guroo har har jap jaapai; sabh kilavikh paap dokh leh jaavai.**
4. **Phir charai divas gurbaaṇee gaavai; behdi-aa uṭhadi-aa harinaam dhi-aavai.**
5. **Jo saas giraas dhi-aa-e mera har har; so gursikh Guroo man bhaavai.**
6. **Jis no da-i-aal hovai mara su-aamee; tis gursikh Guroo updes suṇaavai.**
7. **Jan Nanak dhooṛ mangai tis gursikh ki; jo aap japai avareh naam japaavai. 2.**

*Gauree Vaar Fourth Guru*

1. One who calls himself a Sikh of the True Guru, shall rise in the early morning hours and meditate on the Lord's Name.
2. Upon arising early in the morning, he is to bathe, and cleanse himself in the Nectar Tank.
3. Following the Instructions of the Guru, he is to recite God's Name. All sins and misdeeds shall be washed away.
4. Then, at the rising of the Sun, he is to sing holy Hymns; and whether sitting or standing, meditate upon the Lord's Name.
5. One who, with every breath and every morsel, meditates upon my Lord God, that GurSikh becomes pleasing to the Guru.
6. He, unto whom my Master becomes merciful, upon that GurSikh are bestowed the Guru's Teachings.
7. Servant Nanak begs for the dust of that feet of the GurSikh, who himself recites His Name and inspires others to do so as well. 2.

ਭੈਰਉ ਮਹਲਾ ੫ ॥ (੧੧੩੬)

ਊਠਤ ਸੁਖੀਆ ਬੈਠਤ ਸੁਖੀਆ ॥ ਭਉ ਨਹੀ ਲਾਗੈ ਜਾਂ ਐਸੇ ਬੁਝੀਆ ॥ ੧ ॥
ਰਾਖਾ ਏਕੁ ਹਮਾਰਾ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥ ੧ ॥ ਰਹਾਉ ॥
ਸੋਇ ਅਚਿੰਤਾ ਜਾਗਿ ਅਚਿੰਤਾ ॥ ਜਹਾ ਕਹਾਂ ਪ੍ਰਭੁ ਤੂੰ ਵਰਤੰਤਾ ॥ ੨ ॥
ਘਰਿ ਸੁਖਿ ਵਸਿਆ, ਬਾਹਰਿ ਸੁਖੁ ਪਾਇਆ ॥ ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥ ੩ ॥ ੨ ॥

**1. Oothat sukhee-aa baiṭhat sukhee-aa. Bhau nahee laagai jaa aise bujhee-aa**
**2. Raakha ek hamaara su-aamee. Sagal ghata ka antarjaamee.1.Rahaao**
**3. So-e achintaa jaag achintaa. Jaha kahaan Prabh toon vartanta. 2.**
**4. Ghar sukh vasi-aa baahar sukh paa-i-aa. Kauh Nanak gur mantr driṛaa-i-a. 3.2.**

*Bhairo Fifth Guru*

1. When rising up, I am at peace. sitting down, I am at peace. I have no fear, as I understand Him. 1.
2. The One Lord is my protector. He is the Inner-Knower of all hearts. 1. Pause
3. I sleep without anxiety. I awake without anxiety. Everywhere You, O Lord, are present.2.
4. Peace abides within the heart, and outside, all is at peace. O Nanak ! The GurMantra has been implanted within. 3.2.

### ਮਾਰੂ ਮਹਲਾ ੫ ਘਰੁ ੪ ਅਸਟਪਦੀਆ (੧੦੧੮)

### ੴ ਸਤਿਗੁਰ ਪ੍ਰਸਾਦਿ ॥

ਚਾਦਨਾ ਚਾਦਨੁ ਆਂਗਨਿ, ਪ੍ਰਭ ਜੀਉ ਅੰਤਰਿ ਚਾਦਨਾ ॥ ੧ ॥ ਆਰਾਧਨਾ ਅਰਾਧਨੁ ਨੀਕਾ, ਹਰਿ ਹਰਿ ਨਾਮੁ ਅਰਾਧਨਾ ॥ ੨ ॥ ਤਿਆਗਨਾ ਤਿਆਗਨੁ ਨੀਕਾ, ਕਾਮੁ ਕ੍ਰੋਧੁ ਲੋਭੁ ਤਿਆਗਨਾ ॥ ੩ ॥ ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥ ੪ ॥ ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥ ੫ ॥ ਲਾਗਨਾ ਲਾਗਨੁ ਨੀਕਾ, ਗੁਰ ਚਰਣੀ ਮਨੁ ਲਾਗਨਾ ॥ ੬ ॥ ਇਹ ਬਿਧਿ ਤਿਸਹਿ ਪਰਾਪਤੇ ਜਾ ਕੈ ਮਸਤਕਿ ਭਾਗਨਾ ॥ ੭ ॥ ਕਹੁ ਨਾਨਕ ਤਿਸੁ ਸਭੁ ਕਿਛੁ ਨੀਕਾ, ਜੋ ਪ੍ਰਭ ਕੀ ਸਰਨਾਗਨਾ ॥ ੮ ॥ ੧ ॥ ੪ ॥

1. **Chaadanaa chaadan aangan, Prabh jee-o antar chaadanaa.1.**
2. **Aaraadhanaa araadhan neekaa, har har naam araadhanaa. 2.**
3. **Ti-aaganaa ti-aagan neekaa kaam krodh lobh ti-aaganaa. 3.**
4. **Maaganaa maagan neekaa har jas gur te maaganaa. 4.**
5. **Jaaganaa jaagan neekaa har keertan meh jaaganaa 5.**
6. **Laaganaa laagan neekaa gur charṇee man laaganaa. 6.**
7. **Ih bidh tiseh praapte jaa kai mastak bhaaganaa. 7.**
8. **Kauh Nanak tis sabh kichh neekaa jo prabh kee sarnaagna. 8.1.4**

*Maaroo Fifth Guru*

1. Moonlight, moonlight; In the courtyard of the mind, let the moonlight of the Lord shine down. 1.
2. Meditation, meditation ; Sublime is the meditation on the Name of the Lord.2
3. Renunciation, Renunciation; Cleansing is the Renunciation of lust, anger and greed. 3.
4. Supplication, upplication; the greatest supplication to the Guru is the constant Praise of the Lord God. 4
5. Vigils, vigils; Sublime is the vigil spent in singing the Lord's praises. 5.
6. Attachments, attachments; the excellent is the attachment of the mind to the Lotus Feet of the Guru. 6.
7. He alone is blessed with this way of life, upon whose forehead such a great destiny is written. 7.
8. O Nanak ! He finds everything sublime, who enters the Sanctuary of God. 8.1.4

ਮਾਝ ਮਹਲਾ ੫ ॥ (੧੦੨)

ਸਭ ਕਿਛੁ ਘਰ ਮਹਿ, ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ, ਸੋ ਅੰਤਰਿ ਬਾਹਰਿ ਸੁਹੇਲਾ ਜੀਉ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ॥
ਅਨਦ ਬਿਨੋਦ ਕਰੇ ਦਿਨ ਰਾਤੀ, ਸਦਾ ਸਦਾ ਹਰਿ ਕੇਲਾ ਜੀਉ॥ ੨॥
ਜਨਮ ਜਨਮ ਕਾ ਵਿਛੁੜਿਆ ਮਿਲਿਆ॥ ਸਾਧ ਕ੍ਰਿਪਾ ਤੇ ਸੂਕਾ ਹਰਿਆ॥
ਸੁਮਤਿ ਪਾਏ ਨਾਮੁ ਧਿਆਇ, ਗੁਰਮੁਖਿ ਹੋਏ ਮੇਲਾ ਜੀਉ॥ ੩॥
ਜਲ ਤਰੰਗੁ ਜਿਉ ਜਲਹਿ ਸਮਾਇਆ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ, ਬਹੁੜਿ ਨ ਹੋਈਐ ਜਉਲਾ ਜੀਉ॥ ੪॥ ੧੯॥ ੨੬॥

1. **Sabh kichh ghar meh baahar naahee. Baahar tolai so bharam bhulaahee.**
2. **Gur parsaadee jinee antar paa-i-aa, so antar baahir suhelaa jee-o. 1.**
3. **Jhim jhim varsai amrit dhaaraa. Man peevai sun shabad beechaaraa.**
4. **Anand binod kare din raatee, sadaa sadaa har kelaa jee-o. 2.**
5. **Janam janam kaa vichhuri-aa mili-aa. Saadh kirpaa te sookaa hari-aa.**
6. **Sumat paa-e naam dhi-aa-e, gurmukh ho-e malaa jee-o.3.**
7. **Jal tarang ji-o jaleh samaa-i-aa. Ti-o jotee sang jot milaa-i-aa.**
8. **Kauh Nanak bhram kate kivaaraa, bauhar na ho-ee-ai jaulaa jee-o. 4. 19. 26.**

*Maajh Fifth Guru*

1. All things are within the heart, the home of the self. outside, there is nothing. One who searches outside, is wandering in illusion.
2. By Guru's Grace, one realizes the Lord within oneself. Then, outwardly and inwardly, one is at peace.1.
3. Drop by drop, the Lord's Nectar is infused into the consciousness. The mind drinks it on hearing the Divine Word, resounding within
4. Bliss is produced, and it wells up, day and night; Forever and ever, one plays in the Play of the Lord. 2.
5. Separated from the Lord for lifetimes upon lifetimes, He is once again met. By the Grace of the Holy Men, the dry branch blooms into greenery.
6. One obtains wisdom, and meditates upon the Name of God. By Master's grace is united with the Lord. 3
7. And as the waves of water merge with water, So does one's light merge with The Supreme Light.
8. O Nanak! The veils of doubt are torn away, and the cycle of birth and death is ended. 4. 19. 26.

Sri Satguru Jagjit Singh Ji eLibrary NamdhariElibrary@gmail.com

### ਧਨਾਸਰੀ ਮਹਲਾ ੫ ॥ (੬੮੧)

ਚਤੁਰ ਦਿਸਾ ਕੀਨੋ ਬਲੁ ਅਪਨਾ, ਸਿਰ ਊਪਰਿ ਕਰੁ ਧਾਰਿਓ॥
ਕ੍ਰਿਪਾ ਕਟਾਖ੍ਹ ਅਵਲੋਕਨੁ ਕੀਨੋ, ਦਾਸ ਕਾ ਦੂਖੁ ਬਿਦਾਰਿਓ॥ ੧॥
ਹਰਿ ਜਨ ਰਾਖੇ ਗੁਰ ਗੋਵਿੰਦ॥ਕੰਠਿ ਲਾਇ ਅਵਗੁਣ ਸਭਿ ਮੇਟੇ, ਦਇਆਲ ਪੁਰਖ ਬਖਸੰਦ॥ਰਹਾਉ॥
ਜੋ ਮਾਗਹਿ ਠਾਕੁਰ ਅਪੁਨੇ ਤੇ, ਸੋਈ ਸੋਈ ਦੇਵੈ॥
ਨਾਨਕ ਦਾਸੁ ਮੁਖ ਤੇ ਜੋ ਬੋਲੈ, ਈਹਾ ਊਹਾ ਸਚੁ ਹੋਵੈ॥ ੨॥ ੧੪॥ ੪੫॥

1. **Chatur disaa keeno bal apanaa. sir oopar kar dhaari-o.**
2. **Kirpaa kataakh avalokan keeno, daas kaa dookh bidaari-o.1.**
3. **Har jan raakhe gur govind.**
4. **Kanth laa-i avagun sabh mete da-i-aal purakh bakhshand. Rahaao.**
5. **Jo maageh thaakur apne te so-ee so-ee devai.**
6. **Nanak daas mukh te jo bolai eehaa oohaa sach hovai.2.14.45**

*Dhanaasaree Fifth Guru.*

1. The Lord Himself has extended His Power in the four directions; He has placed His Hand upon my head.
2. He beholds all with His Eye of Mercy; He dispells the troubles of His servant.1.
3. The Lord's slave is protected by the Guru, the Lord of the World.
4. He has drawn me close to His Heart, and all my sins have been erased. The Lord is Benevolent and Compassionate.Pause
5. Whatever I ask of my Lord Master, He gives that to me.
6. Whatever servant Nanak utters with his mouth, proves True, here and hereafter. 2. 14. 45.

ਸਾਰਗ ਮਹਲਾ ੫ ॥ (੧੨੧੮)

ਠਾਕੁਰ ਤੁਮ੍ ਸਰਣਾਈ ਆਇਆ ॥
ਉਤਰਿ ਗਇਓ ਮੇਰੇ ਮਨ ਕਾ ਸੰਸਾ, ਜਬ ਤੇ ਦਰਸਨੁ ਪਾਇਆ ॥ ੧ ॥ ਰਹਾਉ ॥
ਅਨਬੋਲਤ ਮੇਰੀ ਬਿਰਥਾ ਜਾਨੀ, ਅਪਨਾ ਨਾਮੁ ਜਪਾਇਆ ॥
ਦੁਖ ਨਾਠੇ ਸੁਖ ਸਹਜਿ ਸਮਾਏ, ਅਨਦ ਅਨਦ ਗੁਣ ਗਾਇਆ ॥ ੧ ॥
ਬਾਹ ਪਕਰਿ ਕਢਿ ਲੀਨੇ ਅਪੁਨੇ, ਗ੍ਰਿਹ ਅੰਧ ਕੂਪ ਤੇ ਮਾਇਆ ॥
ਕਹੁ ਨਾਨਕ ਗੁਰਿ ਬੰਧਨ ਕਾਟੇ, ਬਿਛੁਰਤ ਆਨਿ ਮਿਲਾਇਆ ॥ ੨ ॥ ੫੧ ॥ ੭੪ ॥

1. **Thaakur tum sarṇaa-ee aa-i-aa**
2. **Utar ga-i-o mere man kaa sansaa jab te darshan paa-i-aa.1.Rahaao**
3. **Anbolat meree birthaa jaanee apanaa naam japaa-i-aa.**
4. **Dukh naaṭhe sukh sehj samaa-e anad anad guṇ gaa-i-aa.1.**
5. **Baah pakar kadh leene apne greh andh koop te maa-i-aa.**
6. **Kauh Nanak gur bandhan kaate bichhurat aan milaa-i-aa. 2. 51. 74.**

*Saarag Fifth Guru*

1. O Lord-Master, I have come seeking Your Sanctuary.
2. The anxiety of my mind has departed, Since I obtained Your Vision. 1. Pause.
3. Without my speaking, You know my condition. You cause me to recite Your Name.
4. My sorrows have fled away, and I am merged in peaceful poise. In utter bliss, I sing Your glorious Praises.1.
5. Holding my hand, You have pulled me out, of the deep, blind well of worldly attachments and mammon
6. O Nanak! The Guru has broken my bonds; I was separated, and now I am united with God. 2. 51. 74.

ਵਡਹੰਸੁ ਮਃ ੫ ॥ (੫੬੩)

ਅੰਤਰਜਾਮੀ ਸੋ ਪ੍ਰਭੁ ਪੂਰਾ ॥ ਦਾਨੁ ਦੇਇ ਸਾਧੂ ਕੀ ਧੂਰਾ ॥ ੧ ॥
ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ ਤੇਰੀ ਓਟ ਪੂਰਨ ਗੋਪਾਲਾ ॥ ੧ ॥ ਰਹਾਉ ॥
ਜਲਿ ਥਲਿ ਮਹੀਅਲਿ ਰਹਿਆ ਭਰਪੂਰੇ ॥ ਨਿਕਟਿ ਵਸੈ ਨਾਹੀ ਪ੍ਰਭੁ ਦੂਰੇ ॥ ੨ ॥
ਜਿਸ ਨੋ ਨਦਰਿ ਕਰੇ ਸੋ ਧਿਆਏ ॥ ਆਠ ਪਹਰ ਹਰਿ ਕੇ ਗੁਣ ਗਾਏ ॥ ੩ ॥
ਜੀਅ ਜੰਤ ਸਗਲੇ ਪ੍ਰਤਿਪਾਰੇ ॥ ਸਰਨਿ ਪਰਿਓ ਨਾਨਕ ਹਰਿ ਦੁਆਰੇ ॥ ੪ ॥ ੪ ॥

1. **Antarjaamee so prabh pooraa.**
2. **Daan de-i saadhoo kee dhooraa. 1. Rahaao.**
3. **Kar kirpaa prabh deen da-i-aalaa.**
4. **Teree ot pooran gopaalaa. 1.**
5. **Jal thal mahee-al rahi-aa bharpooray**
6. **Nikat vasai naahee prabh doore. 2.**
7. **Jis no nadar kare so dhi-aa-e.**
8. **Aath pahar har kay guṇ gaa-e. 3.**
9. **Jee-a jant sagle pratipaare.**
10. **Saran pari-o Nanak har du-aare. 4.4.**

*Vad-hans Fifth Guru*

1. God, the perfect Master can read the hearts.
2. He blesses us with the dust of the feet of the saints. 1.Pause.
3. O Lord ! Bless me with Your Grace, O Merciful to the meek.
4. I seek Your Refuge, O Perfect Lord-Sustainer. 1.
5. The land, the waters, the inter-spaces, all are filled with Your Presence.
6. You, O Lord, are so near to me, never far away. 2.
7. He upon whom is Your Grace, he alone dwells upon You.
8. Night and day, he sings Your Praises, O Lord. 3.
9. All creatures are cherished and sustained by You.
10. Nanak has taken refuge at the Lord's Door. 4.4.

ਵਡਹੰਸੁ ਮਹਲਾ ੫ ॥ (੫੬੨-੬੩)

ਤੂ ਬੇਅੰਤੁ ਕੋ ਵਿਰਲਾ ਜਾਣੈ ॥ ਗੁਰ ਪ੍ਰਸਾਦਿ ਕੋ ਸਬਦਿ ਪਛਾਣੈ ॥ ੧ ॥
ਸੇਵਕ ਕੀ ਅਰਦਾਸਿ ਪਿਆਰੇ ॥ ਜਪਿ ਜੀਵਾ ਪ੍ਰਭ ਚਰਣ ਤੁਮਾਰੇ ॥ ੧ ॥ ਰਹਾਉ ॥
ਦਇਆਲ ਪੁਰਖ, ਮੇਰੇ ਪ੍ਰਭ ਦਾਤੇ ॥ ਜਿਸਹਿ ਜਨਾਵਹੁ ਤਿਨਹਿ ਤੁਮ ਜਾਤੇ ॥ ੨ ॥
ਸਦਾ ਸਦਾ ਜਾਈ ਬਲਿਹਾਰੀ ॥ ਇਤ ਉਤ ਦੇਖਉ ਓਟ ਤੁਮਾਰੀ ॥ ੩ ॥
ਮੋਹਿ ਨਿਰਗੁਣ, ਗੁਣੁ ਕਿਛੂ ਨ ਜਾਤਾ ॥ ਨਾਨਕ ਸਾਧੂ ਦੇਖਿ ਮਨੁ ਰਾਤਾ ॥ ੪ ॥ ੩ ॥

1. Too be-ant ko virlaa jaaṇai.
2. Gur prasaad ko shabad pachhaaṇai. 1.
3. Sewak kee ardaas pi-aare.
4. Jap jeewaa prabh charn tumaare. 1. Rahaao.
5. Da-i-aal purakh mere prabh daate.
6. Jiseh janaavaho tineh tum jaate. 2.
7. Sadaa sadaa jaa-ee balihaaree.
8. It ut dekhau ot tumaaree. 3.
9. Mohe nirguṇ guṇ kichhoo na jaataa.
10. Nanak saadhoo dekh man raataa. 4. 3.

*Wadhans Fifth Guru*

1. You are Infinite, but only a very few know You.
2. By Guru's Grace, You are revealed to some through Divine Word. 1.
3. Your servant offers this prayer, O Beloved:
4. O Lord ! I live by meditating, upon Your Feet. 1. Pause.
5. O My Merciful and Benevolent Lord!
6. He alone realizes You, whom You so bless. 2.
7. Forever and ever, I am a sacrifice unto You.
8. Here and hereafter, I seek Your Protection. 3.
9. I am without merit; I do not know any of Your Merits.
10. O Nanak! In the company of the Holy Saints, my soul is imbued with You. 4. 3.

ਮਾਝ ਮਹਲਾ ੫ (੧੦੩)

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥ ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥
ਜਲਨਿ ਬੁਝੀ ਸੀਤਲੁ ਹੋਇ ਮਨੂਆ, ਸਤਿਗੁਰ ਕਾ ਦਰਸਨੁ ਪਾਏ ਜੀਉ॥ ੧॥
ਸੂਖੁ ਭਇਆ ਦੁਖੁ ਦੂਰਿ ਪਰਾਨਾ॥ ਸੰਤ ਰਸਨ ਹਰਿ ਨਾਮੁ ਵਖਾਨਾ॥
ਜਲ ਥਲ ਨੀਰਿ ਭਰੇ ਸਰ ਸੁਭਰ, ਬਿਰਥਾ ਕੋਇ ਨ ਜਾਏ ਜੀਉ॥ ੨॥
ਦਇਆ ਧਾਰੀ ਤਿਨਿ ਸਿਰਜਨਹਾਰੇ॥ ਜੀਅ ਜੰਤ ਸਗਲੇ ਪ੍ਰਤਿਪਾਰੇ॥
ਮਿਹਰਵਾਨ ਕਿਰਪਾਲ ਦਇਆਲਾ, ਸਗਲੇ ਤ੍ਰਿਪਤਿ ਅਘਾਏ ਜੀਉ॥ ੩॥
ਵਣੁ ਤ੍ਰਿਣੁ ਤ੍ਰਿਭਵਣੁ ਕੀਤੋਨੁ ਹਰਿਆ॥ ਕਰਣਹਾਰਿ ਖਿਨ ਭੀਤਰਿ ਕਰਿਆ॥
ਗੁਰਮੁਖਿ ਨਾਨਕ ਤਿਸੈ ਅਰਾਧੇ, ਮਨ ਕੀ ਆਸ ਪੁਜਾਏ ਜੀਉ॥ ੪॥ ੨੩॥ ੩੦॥

1. **Amrit baaṇee har har teree. Suṇ suṇ hovai param gat meree.**
2. **Jalan bujhee seetal ho-e manoo-aa, sat gur kaa darshan paa-e jee-o. 1.**
3. **Sookh bha-i-aa dukh door paraanaa. Sant rasan harinaam vakhaanaa**
4. **Jal thal neer bhare sar subhar, birthaa ko-e na jaae jaa-o. 2.**
5. **Da-i-aa dhaaree tin sirjanahaare. Jee-a jant sagale pratipaare.**
6. **Mihrvaan kirpaal da-i-aalaa, Sagale tripat aghaa-e jee-o. 3.**
7. **Van trin tribhavan keeton hari-aa. Karanahaar khin bheetar kari-aa.**
8. **Gurmukh Nanak tisai araadhe, man kee aas pujaa-e jee-o. 4. 23. 30.**

## *Majh Fifth Guru*

1. O Lord! Your Divine Word! is as sweet as Nectar, hearing which again and again, I obtain the Supreme bliss.
2. The burning within is quenched, and my soul is cooled and soothed. at the sight of the Holy Master.
3. Peace is obtained, and sorrow is far from my door. The Saints utter with their tongues the Name of the Lord.
4. All pools are filled to over-flowing. No place is left empty. 2.
5. Blessings shower down from the Creator. He cherishes all beings and creatures.
6. The Lord is Kind, Merciful and Compasionate. All are fulfilled through Him. 3.
7. The woods, the meadows and the three worlds are rendered green by Him. The Creator did this in an instant.
8. Nanak meditates on them by the guidance of Master, thus he fulfills the desires of my heart. 4. 23.30.

ਜਾ ਤੂ ਮੇਰੈ ਵਲਿ ਹੈ, ਤਾ ਕਿਆ ਮੁਹਛੰਦਾ॥ ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥ ਲਖਮੀ ਤੋਟਿ ਨ ਆਵਈ, ਖਾਇ ਖਰਚਿ ਰਹੰਦਾ॥ ਲਖ ਚਉਰਾਸੀਹ ਮੇਦਨੀ, ਸਭ ਸੇਵ ਕਰੰਦਾ॥ ਏਹ ਵੈਰੀ ਮਿਤ੍ਰ ਸਭਿ ਕੀਤਿਆ, ਨਹ ਮੰਗਹਿ ਮੰਦਾ॥ ਲੇਖਾ ਕੋਇ ਨ ਪੁਛਈ, ਜਾ ਹਰਿ ਬਖਸੰਦਾ॥ ਅਨੰਦੁ ਭਇਆ ਸੁਖੁ ਪਾਇਆ, ਮਿਲਿ ਗੁਰ ਗੋਵਿੰਦਾ॥ ਸਭੇ ਕਾਜ ਸਵਾਰਿਐ, ਜਾ ਤੁਧੁ ਭਾਵੰਦਾ॥ ੭॥

**1. Jaa too merai val hai taa ki-aa muhchhandaa.**
**2. Tudh sabh kichh maino saupi-aa jaa tera bandaa.**
**3. Lakhamee tot na aava-ee khaa-e kharach rehandaa.**
**4. Lakh chauraaseeh mednee sabh sev karandaa.**
**5. Eh vairee mitr sabh keeti-aa neh mangeh mandaa.**
**6. Lekhaa ko-i na puchha-ee jaa har bakhsandaa.**
**7. Anand bha-i-aa sukh paa-i-aa mil gur govindaa.**
**8. Sabhe kaaj savaari-ai jaa tudh bhaavandaa.7.**

*Maaroo Vaar Fifth Guru*

1. O Lord ! When you are on my side, what do I owe to anyone else?
2. You entrusted everything to me, when I became Your slave.
3. My wealth is inexhaustible, no matter how much I spend and consume.
4. Eighty four lacs species of beings, perform service unto You.
5. The enemies have all been made friends, and no one wishes me ill.
6. No one calls me to account, as God has become my Bestower.
7. Bliss has welled up, and I have found peace, meeting with the Guru-God.
8. Everything is perfectly arranged, when You are pleased with me, O Lord.7.

ਗੂਜਰੀ ਮਹਲਾ ੫ ॥ (੪੯੯-੫੦੦)

ਤੂੰ ਦਾਤਾ ਜੀਆ ਸਭਨਾ ਕਾ, ਬਸਹੁ ਮੇਰੇ ਮਨ ਮਾਹੀ॥
ਚਰਣ ਕਮਲ ਰਿਦ ਮਾਹਿ ਸਮਾਏ, ਤਹ ਭਰਮੁ ਅੰਧੇਰਾ ਨਾਹੀ॥ ੧ ॥
ਠਾਕੁਰ ਜਾ ਸਿਮਰਾ ਤੂੰ ਤਾਹੀ॥
ਕਰਿ ਕਿਰਪਾ ਸਰਬ ਪ੍ਰਤਿਪਾਲਕ, ਪ੍ਰਭ ਕਉ ਸਦਾ ਸਲਾਹੀ॥ ੧ ॥ ਰਹਾਉ॥
ਸਾਸਿ ਸਾਸਿ ਤੇਰਾ ਨਾਮੁ ਸਮਾਰਉ, ਤੁਮ ਹੀ ਕਉ ਪ੍ਰਭ ਆਹੀ॥
ਨਾਨਕ ਟੇਕ ਭਈ ਕਰਤੇ ਕੀ, ਹੋਰ ਆਸ ਬਿਡਾਣੀ ਲਾਹੀ॥ ੨ ॥ ੧੦ ॥ ੧੯ ॥

**1. Toon daataa jee-aa sabhanaa kaa, basoh mere man maahee.**
**2. Charaṇ kamal rid maahe samaa-e, teh bharam andheraa naahee.**
**3. Thaakur jaa simaraa toon taahee.**
**4. Kar kirpaa sarab pratipaalak Prabh kau sada salaahee. 1. Rahaao.**
**5. Saas saas tera naam samaarau Tum hee kau prabh aahee.**
**6. Nanak ṭek bha-ee karte kee, Hor aas biḍaanee laahee. 2.10.19**

*Goojree Fifth Guru*

1. You are the Giver to all beings; Please abide within my mind, O Lord.
2. I enshrine Your Lotus Feet within my heart; And so there is no darkness of doubt. 1.
3. O Lord-Master: Wherever I remember You, There I find you.
4. Have mercy on me, O Cherisher of all, That I may ever praise You, O God. 1. Pause.
5. With each and every breath I remember Your Name, and I long for You alone, O God.
6. Nanak relies on the Support of the Creator; All other hopes have been left behind. 2.10.19.

ਧਨਾਸਰੀ ਮਹਲਾ ੫ ॥ (੬੮੨)

ਅਉਖੀ ਘੜੀ ਨ ਦੇਖਣ ਦੇਈ, ਅਪਨਾ ਬਿਰਦੁ ਸਮਾਲੇ ॥
ਹਾਥ ਦੇਇ ਰਾਖੈ ਅਪਨੇ ਕਉ, ਸਾਸਿ ਸਾਸਿ ਪ੍ਰਤਿਪਾਲੇ ॥ ੧ ॥
ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ ॥
ਆਦਿ ਅੰਤਿ ਪ੍ਰਭੁ ਸਦਾ ਸਹਾਈ, ਧੰਨੁ ਹਮਾਰਾ ਮੀਤੁ ॥ ਰਹਾਉ ॥
ਮਨਿ ਬਿਲਾਸ ਭਏ, ਸਾਹਿਬ ਕੇ ਅਚਰਜ ਦੇਖਿ ਬਡਾਈ ॥
ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ, ਪ੍ਰਭਿ ਪੂਰਨ ਪੈਜ ਰਖਾਈ ॥ ੨ ॥ ੧੫ ॥ ੪੬ ॥

**1. Aukhee gharee na dekhan de-ee apanaa birad samaale.**
**2. Haath de-e raakhai apane kau saas saas pratipaale. 1.**
**3. Prabh si-o laag rehi-o meraa cheet.**
**4. Aad ant prabh sadaa sahaa-ee dhann hamaaraa meet.Rahaao.**
**5. Man bilaas bha-e saahib ke acharaj dekh badaa-ee.**
**6. Har simar, simar aanad kar Nanak, prabh pooran paij rakhaa-ee. 2.15.46.**

*Dhanaasri Fifth Guru*

1. The Lord does not let His servent see the most difficult hour - This is His Loving Nature.
2. Giving him His Hand, He preserves His Own servant, And with each and every breath, He cherishes him.1.
3. My mind remains attached to God.
4. From beginning to end, God is ever my Protector. My Friend is So Wonderful !Pause
5. My mind is delighted, upon beholding The Marvellous Greatness of the Lord Master.
6. Remembering and dwelling upon the Lord, Nanak makes merry. The Omnipresent God has perserved my honour.2.15.46.

ਸੋਰਠਿ ਮਹਲਾ ੫ ਘਰੁ ੩ ਦੁਪਦੇ (੬੨੫)

ੴ ਸਤਿਗੁਰ ਪ੍ਰਸਾਦਿ॥

ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥
ਨਿਰਮਲ ਹੋਏ ਕਰਿ ਇਸਨਾਨਾ॥ ਗੁਰਿ ਪੂਰੈ ਕੀਨੇ ਦਾਨਾ॥ ੧॥
ਸਭਿ ਕੁਸਲ ਖੇਮ ਪ੍ਰਭਿ ਧਾਰੇ॥
ਸਹੀ ਸਲਾਮਤਿ ਸਭਿ ਥੋਕ ਉਬਾਰੇ, ਗੁਰ ਕਾ ਸਬਦੁ ਵੀਚਾਰੇ॥ ਰਹਾਉ॥
ਸਾਧਸੰਗਿ ਮਲੁ ਲਾਥੀ॥ ਪਾਰਬ੍ਰਹਮੁ ਭਇਓ ਸਾਥੀ॥
ਨਾਨਕ ਨਾਮੁ ਧਿਆਇਆ॥ ਆਦਿ ਪੁਰਖ ਪ੍ਰਭੁ ਪਾਇਆ॥ ੨॥ ੧॥ ੬੫॥

1. **Raam Daas sarovar naate. Sabh utare paap kamaate.**
2. **Nirmal ho-e kar isnaanaa. Gur poorai keene daanaa.1.**
3. **Sabh kusal khem prabh dhaare. Sahee salaamat sabh thok ubaare, Gur kaa shabad veechaare.**
4. **Saadh sang mal laathee. Paarbrahm bha-i-o saathee.**
5. **Nanak naam dhi-aa-i-aa. Aad purakh prabh paa-i-aa. 2.1.65.**

*Sorath Fith Guru*

1. Bathing in the Sacred Tank of Ram Das, All sins are washed away.
2. One becomes pure, bathing with devotion. The perfect Guru has bestowed this blessing. 1.
3. The Lord has blessed all with peace and pleasure. All are saved with integrity and dignity, dwelling on Divine Word of the Guru.Pause.
4. In the Company of the Holy, filth is washed off. The Supreme Lord Himself is your Friend.
5. O Nanak! Meditate on the Name, and realize the Lord God, the Primal Being. 2.1.65.

ਰਾਗੁ ਮਾਝ ਚਉਪਦੇ ਘਰੁ ੧ ਮਹਲਾ ੪ ॥ (੯੪)

ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ ॥ ਵਡਭਾਗੀ ਹਰਿ ਨਾਮੁ ਧਿਆਇਆ ॥ ਗੁਰਿ ਪੂਰੈ ਹਰਿ ਨਾਮ ਸਿਧਿ ਪਾਈ, ਕੋ ਵਿਰਲਾ ਗੁਰਮਤਿ ਚਲੈ ਜੀਉ ॥ ੧ ॥ ਮੈ ਹਰਿ ਹਰਿ ਖਰਚੁ ਲਇਆ ਬੰਨਿ ਪਲੈ ॥ ਮੇਰਾ ਪ੍ਰਾਣ ਸਖਾਈ ਸਦਾ ਨਾਲਿ ਚਲੈ ॥ ਗੁਰਿ ਪੂਰੈ ਹਰਿ ਨਾਮੁ ਦਿੜਾਇਆ, ਹਰਿ ਨਿਹਚਲੁ ਹਰਿ ਧਨੁ ਪਲੈ ਜੀਉ ॥ ੨ ॥ ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ ॥ ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ ॥ ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ, ਮੈ ਨੀਰੁ ਵਹੇ ਵਹਿ ਚਲੈ ਜੀਉ ॥ ੩ ॥ ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ ॥ ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ ॥ ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ, ਜਨ ਨਾਨਕ ਹਰਿ ਧਨੁ ਪਲੈ ਜੀਉ ॥ ੪ ॥ ੧ ॥

1. **Har har naam mai har man bhaa-i-aa. Vadabhaagee harinaam dhi-aa-i-aa.**
2. **Gur poorai harinaam sidh paa-ee, ko virlaa gurmat chalai jee-o.1.**
3. **Mai har har kharach la-i-aa bann palai. Meraa praaṇ sakhaa-ee sadaa naal chalai.**
4. **Gur poorai harinaam diṛaa-i-aa har nihchal har dhan palai jee-o.2.**
5. **Har har sajaṇ meraa preetam raa-i-aa. Ko-ee aaṇ milaavai mere praaṇ jeevaa-i-aa.**
6. **Hau reh na sakaa bin dekhe preetamaa mai neer vahe veh chalai jee-o.3.**
7. **Satigur mitr meraa baal sakhaa-ee. Hau reh na sakaa bin dekhe meree maa-ee.**
8. **Har jee-o kirpaa karho gur meloh jan Nanak har dhan palai jee-o.4.1**

*Maajh Fourth Guru, Chaupadas.*

1. The Lord's Name, the Name Divine; is utterly pleasing to my mind; By great good fortune, I meditate upon the Lord's Name.
2. The Perfect Guru has obtained Perfection on the Lord's Name, but very few are they who follow the Guru's Teaching.1.
3. I have packed the Provisions of the Lord's Name in my pockets; the Support of my soul, of my breath of life, shall always be with me.
4. The perfect Guru has implanted the Lord's Name in my heart, and I have the Imperishable Wealth of the Lord's name in my lap. 2.
5. The Lord, beloved king is my true Friend, O, for someone to come and grant me union with the Preserver of my life!.
6. I cannot continue living without seeing my Beloved. The tears are pouring down from my eyes.3.
7. The True Guru, is my childhood's friend. I cannot continue living without seeing Him, O my mother!
8. O Dear Lord ! Show mercy upon me and let me meet the Guru. From Him, servant Nanak shall gather the Divine Wealth of the Lord.4.1.

*ਮਾਰੂ ਮਹਲਾ ੧ ॥* *(੯੯੧)*

ਕੋਈ ਆਖੈ ਭੂਤਨਾ, ਕੋ ਕਹੈ ਬੇਤਾਲਾ ॥ ਕੋਈ ਆਖੈ ਆਦਮੀ, ਨਾਨਕੁ ਵੇਚਾਰਾ ॥ ੧ ॥ ਭਇਆ ਦਿਵਾਨਾ ਸਾਹ ਕਾ, ਨਾਨਕੁ ਬਉਰਾਨਾ ॥ ਹਉ ਹਰਿ ਬਿਨੁ ਅਵਰੁ ਨ ਜਾਨਾ ॥ ੧ ॥ ਰਹਾਉ ॥ ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ ॥ ਏਕੀ ਸਾਹਿਬ ਬਾਹਰਾ, ਦੂਜਾ ਅਵਰੁ ਨ ਜਾਣੈ ਕੋਇ ॥ ੨ ॥ ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ ॥ ਹੁਕਮੁ ਪਛਾਣੈ ਖਸਮ ਕਾ, ਦੂਜੀ ਅਵਰ ਸਿਆਣਪ ਕਾਇ ॥ ੩ ॥ ਤਉ ਦੇਵਾਨਾ ਜਾਣੀਐ, ਜਾ ਸਾਹਿਬ ਧਰੇ ਪਿਆਰੁ ॥ ਮੰਦਾ ਜਾਣੈ ਆਪ ਕਉ, ਅਵਰੁ ਭਲਾ ਸੰਸਾਰੁ ॥ ੪ ॥ ੭ ॥

1. **Ko-ee aakhai bhootanaa ko kahai betaalaa.**
2. **Ko-ee aakhai aadamee Nanak vechaaraa.1.**
3. **Bha-i-aa divaaanaa saah kaa Nanak bauraanaa.**
4. **Hau har bin avar na jaanaa.1. Rahaao**
5. **Tau devaanaa jaaṇee-ai jaa bhai davaanaa ho-e.**
6. **Ekee saahib baaharaa doojaa avar na jaanai ko-e.2.**
7. **Tau devaanaa jaanee-ai jaa ekaa kaar kamaa-e.**
8. **Hukam pachhaaṇai khasam kaa doojaa avar si-aaṇap kaa-e.3.**
9. **Tau devaanaa jaaṇee-ai, jaa saahib dhare pi-aar**
10. **Mandaa jaaṇai aap kau avar bhalaa sansaar.4.7.**

Sri Satguru Jagjit Singh Ji eLibrary NamdhariElibrary@gmail.com

*Maaroo First Guru*

1. Some say that poor Nanak is a ghost; some call him a demon.
2. Some say that He is a man.1.
3. Innocent Nanak has become mad for the love of his lord King.
4. I know no other than the Lord. Pause.
5. That one is known to be mad, when one is mad with the fear of God.
6. Then, other than the One Lord Master, he knows no other at all. 2.
7. That one is known to be mad, when one works only for the one Lord.
8. And he realizes the command of the Lord, in what else is there wisdom. 3.
9. One is known to be mad, only when one enshrines love for the Lord Master.
10. Then, one sees oneself as bad, and the rest of the world as good. 4.7.

ਸੂਹੀ ਮਹਲਾ ੫ (੭੪੯)

ਤੁਧੁ ਚਿਤ ਆਏ ਮਹਾ ਅਨੰਦਾ, ਜਿਸੁ ਵਿਸਰਹਿ ਸੋ ਮਰਿ ਜਾਏ॥ ਦਇਆਲੁ ਹੋਵਹਿ ਜਿਸੁ ਊਪਰਿ ਕਰਤੇ ਸੋ ਤੁਧੁ ਸਦਾ ਧਿਆਏ॥੧॥ ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ॥ ਅਰਦਾਸਿ ਕਰੀ ਪ੍ਰਭ ਅਪਨੇ ਆਗੈ, ਸੁਣਿ ਸੁਣਿ ਜੀਵਾ ਤੇਰੀ ਬਾਣੀ॥੧॥ ਰਹਾਉ॥ ਚਰਣ ਧੂੜਿ ਤੇਰੇ ਜਨ ਕੀ ਹੋਵਾ, ਤੇਰੇ ਦਰਸਨ ਕਉ ਬਲਿ ਜਾਈ॥ ਅੰਮ੍ਰਿਤ ਬਚਨ ਰਿਦੈ ਉਰਿ ਧਾਰੀ, ਤਉ ਕਿਰਪਾ ਤੇ ਸੰਗੁ ਪਾਈ॥੨॥ ਅੰਤਰ ਕੀ ਗਤਿ ਤੁਧੁ ਪਹਿ ਸਾਰੀ, ਤੁਧੁ ਜੇਵਡੁ ਅਵਰੁ ਨ ਕੋਈ॥ ਜਿਸ ਨੋ ਲਾਇ ਲੈਹਿ ਸੋ ਲਾਗੈ, ਭਗਤੁ ਤੁਹਾਰਾ ਸੋਈ॥੩॥ ਦੁਇ ਕਰ ਜੋੜਿ ਮਾਗਉ ਇਕੁ ਦਾਨਾ, ਸਾਹਿਬਿ ਤੁਠੈ ਪਾਵਾ॥ ਸਾਸਿ ਸਾਸਿ ਨਾਨਕੁ ਆਰਾਧੇ॥ ਆਠ ਪਹਰ ਗੁਣ ਗਾਵਾ॥੪॥੯॥੫੬॥

1. **Tudh chit aa-e mahaa anandaa jis visareh so mar jaa-e.**
2. **Da-i-aal hoveh jis oopar karte so tudh sadaa dhi-aa-e.1.**
3. **Mere saahib toon mai maaṇ nimaaṇee.**
4. **Ardaas karee prabh apne aagai suṇ suṇ jeevaa teree baaṇee.1. Rahaao.**
5. **Charaṇ dhooṛ tere jan kee hovaa tere darshan kau bal jaa-ee.**
6. **Amrit bachan ridai urdhaaree tau kirpaa te sang paa-ee.2.**
7. **Antar kee gat tudh peh saaree tudh jewaḍ avar na ko-ee.**
8. **Jis no laa-e laih so laagai bhagat tuhaaraa so-ee.3.**
9. **Du-e kar joṛ maagau ik daanaa saahib tuṭhai paavaa.**
10. **Saas saas Nanak aaraadhe. Aaṭh pehr guṇ gaavaa. 4.9.56.**

Sri Satguru Jagjit Singh Ji eLibrary NamdhariElibrary@gmail.com

## *Soohee Fifth Guru*

1. One, who remembers God, attains the Divine bliss ; one, who forgets God, he meets his end.
2. The one, to whom You become Merciful, O Creator ! He ever meditates upon You.1.
3. O my Lord! You are the honour of the meeks like me.
4. I offer my prayer unto You, O God ! By hearing, ever hearing Your Divine Word, I live.1. Pause
| **3 Neekee teri bigaaree, aale tera nao.1. Rahaao.** | 3. Your forced labour is very sweet and exalted is Your name. 1.Pause. |
| **4 Kuja aamad, kuja raftee, kuja me ravee. Dawaarka nagri, raas bago-ee.1.** | 4. From where have you come, where you have been and where you are going.1.<br>5. In this holy city of Dawaarka, tell me the truth.2. |
| **5 Khoob teri pagri, meethe tere bol.** | 6. Your turban is very beautiful and your speech is very sweet. 2. |
| **6 Dawaarka naagri, kaahe ke magol.2.** | 7. How can a Mughal stay in the city of Dawaarka. |
| **7 Chaandee hazaar aalam, ekal khaanaan.** | 8. You alone are the Lord of countless worlds. |
| **8 Ham chinee paatsah, Saanwle barnaan.3.** | 9. My Lord and king is of black colour.3. |
| **9 Aspat gajpat nareh narind.** | 10. You are Lord of Sun, Lord of Indra and the king of Brahma. |
| **10 Naame ke suaami meer mukand.4.2.3** | 11. You are the Lord of Naama (Nam Dev) and you are rular of worlds and Giver of salvation.4.2.3. |

Sri Satguru Jagjit Singh Ji eLibrary NamdhariElibrary@gmail.com

ਕਾਹੇ ਮਨ ਤੂ ਡੋਲਤਾ, ਹਰਿ ਮਨਸਾ ਪੂਰਣਹਾਰੁ॥ ਸਤਿਗੁਰੁ ਪੁਰਖੁ ਧਿਆਇ ਤੂ, ਸਭਿ ਦੁਖ ਵਿਸਾਰਣਹਾਰੁ॥ ਹਰਿ ਨਾਮਾ ਆਰਾਧਿ ਮਨ, ਸਭਿ ਕਿਲਵਿਖ ਜਾਹਿ ਵਿਕਾਰ॥ ਜਿਨ ਕਉ ਪੂਰਬਿ ਲਿਖਿਆ, ਤਿਨ ਰੰਗੁ ਲਗਾ ਨਿਰੰਕਾਰ॥ ਓਨੀ ਛਡਿਆ ਮਾਇਆ ਸੁਆਵੜਾ, ਧਨੁ ਸੰਚਿਆ ਨਾਮੁ ਅਪਾਰੁ॥ ਅਠੇ ਪਹਰ ਇਕਤੈ ਲਿਵੈ, ਮੰਨਨਿ ਹੁਕਮੁ ਅਪਾਰੁ॥ ਜਨੁ ਨਾਨਕੁ ਮੰਗੈ ਦਾਨੁ ਇਕੁ, ਦੇਹੁ ਦਰਸੁ ਮਨਿ ਪਿਆਰੁ॥ ੨ ॥

**Kaahe man too dolta, har mansaa pooṛan haar.**

**Satgur purkh dhiaae too, sabh dukh visaaraṇhaar.**

**Har naamaa aaradh man, sabh kilvikh jahe vikaar.**

**Jin kau poorab likhiaa, tin rang legaa nirankaar.**

**Onee chhadia maaiaa suhaavaṛa, dhan sanchia naam apaar.**

**Athe pehar ektai livai, manan hukam apaar.**

**Jan Nanak mangai daan ik, deho dars man piaar. 2.**

*Vaar Ramkali Fifth Guru*

Why you waver, O my soul? God is the fulfiller of desires.

Contemplate your mighty True Guru. He is the eradicator of all agonies.

O my soul meditate on the Lord's Name, that all thy sins and demerits may be washed off.

They for whom there is such a preordained writ, embrace effection for the Formless Lord.

They abandon the relish of mammon and amass the infinite wealth of the Name.

For twenty four hours they remain absorbed in the love of the One Lord and submit to the will of the Infinite Lord.

Nanak asks for but one boon, O Lord bless me with your vision, for I love you heartily. 2.

ਰਾਗੁ ਧਨਾਸਿਰੀ ਮਹਲਾ ੩ ਘਰੁ ੪ (੬੬੬)

ੴ ਸਤਿਗੁਰ ਪ੍ਰਸਾਦਿ ॥

ਹਮ ਭੀਖਕ ਭੇਖਾਰੀ ਤੇਰੇ, ਤੂ ਨਿਜਪਤਿ ਹੈ ਦਾਤਾ ॥

ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ ॥ ੧ ॥

ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ ॥

ਕਰਣ ਕਾਰਣ ਸਭਨਾ ਕਾ ਏਕੋ, ਅਵਰੁ ਨ ਦੂਜਾ ਕੋਈ ॥ ੧ ॥ ਰਹਾਉ ॥

ਬਹੁਤੇ ਫੇਰ ਪਏ ਕਿਰਪਨ ਕਉ, ਅਬ ਕਿਛੁ ਕਿਰਪਾ ਕੀਜੈ ॥

ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ ॥ ੨ ॥

ਭਨਤਿ ਨਾਨਕ ਭਰਮ ਪਟ ਖੂਲ੍ਹੇ ਗੁਰ ਪਰਸਾਦੀ ਜਾਨਿਆ ॥

ਸਾਚੀ ਲਿਵ ਲਾਗੀ ਹੈ ਭੀਤਰਿ, ਸਤਿਗੁਰ ਸਿਉ ਮਨੁ ਮਾਨਿਆ ॥ ੩ ॥ ੧ ॥ ੯ ॥

1. **Ham bheekhak bhekhaaree tere, toon nijpat hai daata.**
2. **Hoh dai-aal naam deh mangat jankaun sada raho rang raata. 1.**
3. **Haun balhaarai jaao saache tere naam vitoh.**
4. **Karaṇ kaaraṇ sabhna ka eko avar ra dooja koee. 1. Rahaao.**
5. **Bauhat pher pae kirpan kau, ab kichh kirpa keejai.**
6. **Hoh di-aal darsan deh apna aisee bakhas kareejai. 2.**
7. **Bhanat Nanak bharm pat khoole gurprasaadee jaania.**
8. **Saachee liv laagee hai bleetar, satgur sio man maaniaa .3.1.9.**

*Dhanaasri Third Guru*

1. I am your beggar and you are my beneficent Lord.
2. Be merciful and bless me Your Name so that I may ever remain imbued with Your Love.1.
3. O my Lord! I am ever a saerifice to Your Name.
4. My Lord is cause of all causes and there is None else. 1.Pause.
5. I have wandered through circles of lives O Lord! Bless me some compassion.
6. O Lord! Bless me with the gift of Your sight.2.
7. Nanak! Doors of doubt have opened and by the grace of True Guru I have found the Lord.
8. The True love has enshrined with in my mind and I have been engaged with my True Guru.3.1.9.

ਕਾਨੜਾ ਮਹਲਾ ੫ ॥ (੧੨੯੯)

ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧਸੰਗਤਿ ਮੋਹਿ ਪਾਈ॥ ੧॥ ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ॥ ੧॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ, ਏਹ ਸੁਮਤਿ ਸਾਧੂ ਤੇ ਪਾਈ॥ ੨॥
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ, ਪੇਖਿ ਪੇਖਿ ਨਾਨਕ ਬਿਗਸਾਈ॥ ੩॥ ੮॥

1. **Bisar ga-ee sabh taat paraa-ee. Jab te saadh sangat mohe paa-ee.1.Rahaao**
2. **Na ko bairee nahee bigaane, sagal sung ham ko ban aa-ee. 1.**
3. **Jo prabh keeno so bhal maanio, eh sumat saadhu te paa-ee.2.**
4. **Sabh meh rav rehiaa prabh ekai, pekh pekh Nanak bigsaa-ee.3.8.**

*Kaanra Fifth Guru*

1. Since the time I have attained unto he society of saints, I have altogether forgotten to be jealous of others. 1.Pause.
2. No one is my enemy nor is anyone a stranger to me and I am the friend of all. 1.
3. Whatever the Lord does, that I deem as good. This sublime understanding I have obtained from the saints. 2.
4. Amongst all. the one Lord is prevading, seeing and beholding Him, Nanak is greatly pleased. 3.8.

ਆਸਾ ਮਹਲਾ ੫ (੩੮੯)

ਤੂ ਮੇਰਾ ਤਰੰਗੁ ਹਮ ਮੀਨ ਤੁਮਾਰੇ ॥ ਤੂ ਮੇਰਾ ਠਾਕੁਰੁ ਹਮ ਤੇਰੈ ਦੁਆਰੇ ॥ ੧ ॥

ਤੂੰ ਮੇਰਾ ਕਰਤਾ ਹਉ ਸੇਵਕੁ ਤੇਰਾ ॥ ਸਰਣਿ ਗਹੀ ਪ੍ਰਭ ਗੁਨੀ ਗਹੇਰਾ ॥ ੧ ॥ ਰਹਾਉ ॥

ਤੂ ਮੇਰਾ ਜੀਵਨੁ ਤੂ ਆਧਾਰੁ ॥ ਤੁਝਹਿ ਪੇਖਿ ਬਿਗਸੈ ਕਉਲਾਰੁ ॥ ੨ ॥

ਤੂ ਮੇਰੀ ਗਤਿ ਪਤਿ ਤੂ ਪਰਵਾਨੁ ॥ ਤੂ ਸਮਰਥੁ ਮੈ ਤੇਰਾ ਤਾਣੁ ॥ ੩ ॥

ਅਨਦਿਨੁ ਜਪਉ ਨਾਮ ਗੁਣਤਾਸਿ ॥ ਨਾਨਕ ਕੀ ਪ੍ਰਭ ਪਹਿ ਅਰਦਾਸਿ ॥ ੪ ॥ ੨੩ ॥ ੭੪ ॥

**1. Too mera tarrang hum meen tumaare.**

**2. Toon mera thakur hum tere duaare.1.**

**3. Too mera karta, hau sevak tera. Saraṇ gahee prabh gunee gahera.1.Rahaao**

**4. Too mera jeevan too aadhar, tujhe pekh bigse kaulaar. 2.**

**5. Too meri gat pat, too parvaan. Too samrath mai tera taaṇ. 3.**

**6. Andin japo naam guṇtaas. Nanak ki prabh peh ardaas.4.23.74.**

*Aasa Fifth Guru*

1. You are my water and I am your fish.
2. You are my Lord and I a beggar at Your gate.1.
3. You are my creator and I am Your servant, I have sought Your protection O Master, O my Master full of virtues.1.Pause.
4. You are my life and You are my support. On seeing You my heart's lotus blooms. 2.
5. You are my saviour and honour and You are my accepter You are all powerful, you are my strengh. 3.
6. Night and day I recite the name of God. This alone is Nanak's supplication before the Lord. 4.23.74.

ਰਾਮੁ ਜਪਉ ਜੀਅ ਐਸੇ ਐਸੇ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥ ੧॥

ਦੀਨ ਦਇਆਲ ਭਰੋਸੇ ਤੇਰੇ॥ ਸਭੁ ਪਰਵਾਰੁ ਚੜਾਇਆ ਬੇੜੇ॥ ੧॥ ਰਹਾਉ॥

ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ॥ ਇਸੁ ਬੇੜੇ ਕਉ ਪਾਰਿ ਲਘਾਵੈ॥ ੨॥

ਗੁਰ ਪਰਸਾਦਿ ਐਸੀ ਬੁਧਿ ਸਮਾਨੀ॥ ਚੂਕਿ ਗਈ ਫਿਰਿ ਆਵਨ ਜਾਨੀ॥ ੩॥

ਕਹੁ ਕਬੀਰ ਭਜੁ ਸਾਰਿਗਪਾਨੀ॥ ਉਰਵਾਰਿ ਪਾਰਿ ਸਭ ਏਕੋ ਦਾਨੀ॥ ੪॥ ੨॥ ੧੦॥ ੬੧॥

**1. Ram japau jee-a aise aise Dhru Prahlaad japio har jaise.1.**

**2. Deen diaal bharose tere, sabh parvaar charaaraa bere.1.Rahaao**

**3. Ja tis bhaave ta hukum manaave. Is bere ko paar lagaave.2.**

**4. Gur parsaad aisee budh samaanee, chook gaee phir aavan jaanee.3.**

**5. Kauh Kabir bhaj saaragpaanee, urwaar paar sabh eko daanee.4.2.10.61.**

*Gauri Kabir*

1. Meditate the Lord in the same same way, as Dhru Prahlaad remembered their Lord.1.
2. O Bnefactor of the Poor, with full faith in You, I have put my family in Your boat.1.Pause.
3. When it pleases you, you make one submit to your will. Thus carry the boat across the sea of life.2.
4. Through the Guru's grace, such wisdom is enshrined in the mind, the cycle of birth & death has ceased forever.3.
5. O Kabir! Meditate on the Lord Sustainer of earth. He alone is the Benovalent Lord in this world and the world beyond.4.2.10. 61.

ਸੋਰਠਿ ਮਹਲਾ ੫ ॥ (੬੨੭-੨੮)

ਪਰਮੇਸਰਿ ਦਿਤਾ ਬੰਨਾ॥ ਦੁਖ ਰੋਗ ਕਾ ਡੇਰਾ ਭੰਨਾ।
ਅਨਦ ਕਰਹਿ ਨਰ ਨਾਰੀ॥ ਹਰਿ ਹਰਿ ਪ੍ਰਭਿ ਕਿਰਪਾ ਧਾਰੀ॥ ੧ ॥
ਸੰਤਹੁ ਸੁਖੁ ਹੋਆ ਸਭ ਥਾਈ॥ ਪਾਰਬ੍ਰਹਮੁ ਪੂਰਨ ਪਰਮੇਸਰੁ, ਰਵਿ ਰਹਿਆ ਸਭਨੀ ਜਾਈ॥ ਰਹਾਉ॥
ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥
ਦਇਆਲ ਪੁਰਖ ਮਿਹਰਵਾਨਾ॥ ਹਰਿ ਨਾਨਕ ਸਾਚੁ ਵਖਾਨਾ ॥੨॥੧੩॥੭੭॥

1. **Parmaser dita banna. Dukh rog ka dera bhanna.**
2. **Anad kareh nar nari. Har har prabh kirpa dhaari.**
3. **Santoh sukh hau sabh thaaee.**
4. **Paarbraham pooran parmesar, rav rehia sabnee jaaee.**
5. **Dhur ki baaṇee aayee.Tin saglee chint miṭaaee.**
6. **Diaal purkh meharvaana. Har Nanak saach vakhaana.2.13.77**

*Sorath Fifth Guru*

1. The supreme Lord has given me his support. The atmosphere of distress and disease is destroyed.
2. The man and women make gaity. The Lord Master has given His mercy to them.
3. O saints! Now there is peace in all the places.
4. My Lord, the perfect Master is present in all places.
5. True Divine word has been revealed. All The anxiety has been washed away.
6. Compassionate and kind is the Lord to me. Nanak utters the Name of the True Lord.2.13.77

## ਗਉੜੀ ਕਬੀਰ ਜੀ ॥

(੩੨੫)

ਉਪਜੈ ਨਿਪਜੈ ਨਿਪਜਿ ਸਮਾਈ ॥ ਨੈਨਹ ਦੇਖਤ ਇਹੁ ਜਗੁ ਜਾਈ ॥ ੧ ॥
ਲਾਜ ਨ ਮਰਹੁ ਕਹਹੁ ਘਰੁ ਮੇਰਾ ॥ ਅੰਤ ਕੀ ਬਾਰ ਨਹੀ ਕਛੁ ਤੇਰਾ ॥ ੧ ॥ ਰਹਾਉ ॥
ਅਨਿਕ ਜਤਨ ਕਰਿ ਕਾਇਆ ਪਾਲੀ ॥ ਮਰਤੀ ਬਾਰ ਅਗਨਿ ਸੰਗਿ ਜਾਲੀ ॥ ੨ ॥
ਚੋਆ ਚੰਦਨੁ ਮਰਦਨ ਅੰਗਾ ॥ ਸੋ ਤਨੁ ਜਲੈ ਕਾਠ ਕੈ ਸੰਗਾ ॥ ੩ ॥
ਕਹੁ ਕਬੀਰ ਸੁਨਹੁ ਰੇ ਗੁਨੀਆ ॥ ਬਿਨਸੈਗੋ ਰੂਪੁ ਦੇਖੈ ਸਭ ਦੁਨੀਆ ॥ ੪ ॥ ੧੧ ॥

**1. Upjai nipjai nipaj samaee. nainoh dekhat eh jug jaaee.1.**
**2. Laaj na maroh karoh ghar mera. Unt kee baar naahee kachh tera.1.Rahaao.**
**3. Anak jatan kar kaaiaa paalee. Martee bar agan sang jaalee.2.**
**4. Choa chandan mardan anga. So tan jalai kaath kai sanga.3.**
**5. Kauh Kabir sunho ray guneeaa. binsaigo roop dekhai sabh duniaa.4.11.**

### *Gauṛi Kabir*

1. The mortal is born, he grows up, and having grown up he dies. Before our own eyes this world passes away. 1.
2. You die not of the shame while calling home. (body) to be yours. As at the last moment, nothing is yours.1.Pause.
3. With various efforts, the body is cherished, but after death earth, it is burnt with wood.2.
4. The body to whose limbs you apply scent of sandal is burnt with wood.3.
5. Says kabir, hear me O virtuous men, the whole world looks on, the beauty shall perish.4.11.

## ਪਉੜੀ ॥ ਮਾਝ ਕੀ ਵਾਰ (੧੪੯)

ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ ॥
ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ ॥
ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ ॥
ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ ॥
ਸਤਿਗੁਰੁ ਹੋਇ ਦਇਆਲੁ ਤ ਜਮ ਕਾ ਡਰੁ ਕੇਹਾ ॥
ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ ॥
ਸਤਿਗੁਰੁ ਹੋਇ ਦਇਆਲੁ ਤ ਨਵਨਿਧਿ ਪਾਈਐ ॥
ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ ॥ ੨੫ ॥

1. Satgur hoe diaal ta sarda pooreeai.
2. Satgur hoe diaal na kab-hoon jhooreeai.
3. Satgur hoe diaal ta dukh na jaaṇeeai.
4. Satgur hoe diaal ta har rang maaṇeeai.
5. Satgur hoe diaal ta jam ka dar keha.
6. Satgur hoe diaal ta sad hi sukh deha.
7. Satgur hoe diaal ta nav nidh paaeeai.
8. Satgur hoe diaal ta sach samaaeeai.25.

*Pauri Majh ki Vaar*

1. When the true Guru becomes merciful, desires are fulfilled.
2. When the True Guru becomes merciful, man knows no painnever becomes disheartened.
3. When the True Guru become· merciful, man does not know pain.
4. When the True Guru becomes mercitul, man enjoys God's love.
5. when the True Guru becomes merciful, then what fear has man of death.
6. When the True Guru becomes merciful, the body is ever in peace.
7. When the True Guru becomes merciful, the nine treasures are obtained.
8. When the True Guru becomes mercitul, man is absorbed in the true Lord.25.

ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥
ਨਿਰੰਕਾਰੁ ਪ੍ਰਭੁ ਸਦਾ ਸਲਾਮਤਿ, ਕਹਿ ਨ ਸਕੈ ਕੋਊ ਤੂ ਕਦ ਕਾ॥
ਬ੍ਰਹਮਾ ਬਿਸਨੁ ਸਿਰੇ ਤੈ ਅਗਨਤ, ਤਿਨ ਕਉ ਮੋਹੁ ਭਯਾ ਮਨ ਮਦ ਕਾ॥
ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ॥
ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥ ੧॥ ੧੧

**1. Sawak ke bharpoor jug jug, waah Guru tera sabh sadka.**
**2. Nirankar prabh sabh sada salaamat, keh na sake kou too kad-ka.**
**3. Brahma bisan sire te aganat, tin ko moh bhaya man madh ka.**
**4. Chavraasih lakh jun upayi, rejek diya sabh hoo ko thdh ka.**
**5. Sewak ke bharpoor jug jug, Wah Guru tera sabh sadka.1.11.**

1. O my blessed Guru, it is all through thine gift, that thine attendants remain fulfilled all the ages through.
2. O Formless Lord, thou are eternally safe and sound, No one can say, since how long are You.
3. You have created numberless Brahmas and Vishnus. To them have clung the mind's worldy love and conceit.
4. You have created eighty. four lacs of species and given to them all sustenance since that very time.
5. O my blessed Guru, it is all through Your gift, that Your attendants remain fullfiled all the ages through.1.11.

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ॥ ਮੇਰਾ ਕਰਮੁ ਕੁਟਿਲਤਾ, ਜਨਮੁ ਕੁਭਾਂਤੀ॥ ੧॥
ਰਾਮ ਗੁਸਈਆ, ਜੀਅ ਕੇ ਜੀਵਨਾ॥ ਮੋਹਿ ਨ ਬਿਸਾਰਹੁ, ਮੈ ਜਨੁ ਤੇਰਾ॥ ੧॥ ਰਹਾਉ॥
ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ॥ ਚਰਣ ਨ ਛਾਡਉ, ਸਰੀਰ ਕਲ ਜਾਈ॥ ੨॥
ਕਹੁ ਰਵਿਦਾਸ ਪਰਉ ਤੇਰੀ ਸਾਭਾ॥ ਬੇਗਿ ਮਿਲਹੁ ਜਨ, ਕਰਿ ਨ ਬਿਲਾਂਬਾ॥ ੩॥ ੧॥

**1. Meri sangat poch soch din raati. Mera karam kuṭlata, janam Kubhhateen.**

**2. Raam garaaeeaa, jia ke jeevna. Mohe na bisaaro, main jan tera.1.Rahaao.**

**3. Meri haroh bipat, jan karoh subhaaaee.**

**4. Charaṇ na chodo sareer kal jaaee.2.**

**5. Kaho Ravdas paro teri saabha. Beg milo jan, kar na bilaanba.3.1.**

*Gauṛi Ravi Dass*

1. Day and night I am infested with the anxiety, that my association is low, my acts are crooked and my birth is mean.1.
2. O God! the Lord of earth, the Giver of life to men. Forget me not. I am Your slave. 1.Pause.
3. Remove my distress and grant unto me, Your serf, Thine sublime love.
4. I shall not leave Thine feel even though my body may perish tomorrow.2.
5. Says Ravdas, I have sought Your protection, O Lord, quickly meet You servant and make no delay.3.1.

ਰਾਗੁ ਸੂਹੀ ਮਹਲਾ ੧ ਘਰੁ ੩ (੭੬੪-੬੫)

ੴ ਸਤਿਗੁਰ ਪ੍ਰਸਾਦਿ ॥

ਆਵਹੁ ਸਜਣਾ, ਹਉ ਦੇਖਾ ਦਰਸਨੁ ਤੇਰਾ ਰਾਮ ॥
ਘਰਿ ਆਪਨੜੈ ਖੜੀ ਤਕਾ, ਮੈ ਮਨਿ ਚਾਉ ਘਨੇਰਾ ਰਾਮ ॥
ਮਨਿ ਚਾਉ ਘਨੇਰਾ, ਸੁਣਿ ਪ੍ਰਭ ਮੇਰਾ, ਮੈ ਤੇਰਾ ਭਰਵਾਸਾ ॥
ਦਰਸਨੁ ਦੇਖਿ ਭਈ ਨਿਹਕੇਵਲ, ਜਨਮ ਮਰਣ ਦੁਖੁ ਨਾਸਾ ॥
ਸਗਲੀ ਜੋਤਿ ਜਾਤਾ ਤੂ ਸੋਈ, ਮਿਲਿਆ ਭਾਇ ਸੁਭਾਏ ॥
ਨਾਨਕ ਸਾਜਨ ਕਉ ਬਲਿ ਜਾਈਐ, ਸਾਚਿ ਮਿਲੇ ਘਰਿ ਆਏ ॥ ੧ ॥

**1. Aavoh sajna hau dekha darsan tera raam.**
**2. Ghar aapnare kharee taka, mai man chaao ghanera raam.**
**3. Man chaao ghanera sun prabh mera mai tera bharvasa.**
**4. Darsan dekh bhaee nihkewal, janaṇ maran dukh naasa.**
**5. Sagali jot jaata too soi miliaa bhaae subhaae.**
**6. Nanak saajan kau bal jaaeeai, saach mile ghar aae.1.**

*Soohi First Guru*

1. Come. O Friend, so that I may behold You.
2. Standing at my door, I wait for You. There is a great yearning within me.
3. I long for You. Listen to me my Lord. I have full faith in You.
4. Seeing your vision. I have become detached and the pain of birth and death has vanished.
5. Your light pervades everything. You are known by that light. You meet instantly through love.
6. O Nanak! I am a sacrifice unto my Friend. He comes to meet the True ones in their homes.1.

ਭਲਕੇ ਉਠਿ ਪਰਾਹੁਣਾ, ਮੇਰੈ ਘਰਿ ਆਵਉ ॥
ਪਾਉ ਪਖਾਲਾ ਤਿਸ ਕੇ, ਮਨਿ ਤਨਿ ਨਿਤ ਭਾਵਉ ॥
ਨਾਮੁ ਸੁਣੇ ਨਾਮੁ ਸੰਗ੍ਰਹੈ, ਨਾਮੇ ਲਿਵ ਲਾਵਉ ॥
ਗ੍ਰਿਹੁ ਧਨੁ ਸਭੁ ਪਵਿਤ੍ਰੁ ਹੋਇ, ਹਰਿ ਕੇ ਗੁਣ ਗਾਵਉ ॥
ਹਰਿ ਨਾਮ ਵਾਪਾਰੀ ਨਾਨਕਾ, ਵਡਭਾਗੀ ਪਾਵਉ ॥ ੨ ॥

**1. Bhalke uṭh parauhaṇa, merai ghar aavo.**
**2. Pao pekhaala tis ke man tun nit bhaavo.**
**3. Naam sune naam sangreh, naame liv lavo.**
**4. Greh dhan sab pavitar hoe, har ke guṇ gaavo.**
**5. Har naam vaapaaree naanke vadbhagee paavo.2.**

1. Rising early, God's saint visit my home like a Guest.
2. I'll wash His Feet, for He is ever pleasing to my soul and body.
3. The Name I hear, the Name I amass and with Name I embrace love.
4. My home and wealth are all purified by singing the praise of God.
5. The purchaser of God's Name, is found through the greatest good fortune.2.

ਬਿਲਾਵਲੁ ਮਹਲਾ ੫ ॥ (੮੨੩-੨੪)

ਗੁਰਿ ਪੂਰੈ ਮੇਰੀ ਰਾਖਿ ਲਈ॥ ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ,
ਜਨਮ ਜਨਮ ਕੀ ਮੈਲੁ ਗਈ ॥੧॥ ਰਹਾਉ॥
ਨਿਵਰੇ ਦੂਤ ਦੁਸਟ ਬੈਰਾਈ, ਗੁਰ ਪੂਰੇ ਕਾ ਜਪਿਆ ਜਾਪੁ॥
ਕਹਾ ਕਰੈ ਕੋਈ ਬੇਚਾਰਾ, ਪ੍ਰਭ ਮੇਰੇ ਕਾ ਬਡ ਪਰਤਾਪੁ॥ ੧॥
ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ, ਚਰਨ ਕਮਲ ਰਖੁ ਮਨ ਮਾਹੀ॥
ਤਾ ਕੀ ਸਰਨਿ ਪਰਿਓ ਨਾਨਕ ਦਾਸੁ, ਜਾ ਤੇ ਊਪਰਿ ਕੋ ਨਾਹੀ॥ ੨॥ ੧੨॥ ੯੮॥

**1. Gur poorai meri raakh laee.**

**2. Amrit nam ride meh dino, janam janam ki mail gaee.1.Rahaao.**

**3. Nivre doot dust bairaaee gur poore ka japiaa jaap.**

**4. kaha kare koee beehaara prabh mere ka bad partaap.1.**

**5. Simar simar simar sukh paiaa, charan kamal rakh man maahee.**

**6. Taakee saran pario Nanak daas, ja te oopar ko naahee.2.12.98**

*Bilaawal Fifth Guru*

1. The perfect Guru has protected my honour.
2. He has placed the nectar-like Name in my heart and as such the filth of many births has been washed away.1.Pause.
3. By uttering the Word of the Perfect Guru, my oppressors and wicked enemies are subdued.
4. What can a poor mortal do to me for great is the glory of my Lord.1.
5. Meditating continuously on the Lord and enshrining of His Lotus-feet within my heart, have realized peace.
6. Nanak has sought the protection of that Lord who is heghest of all.2.12.98

ਗਉੜੀ ਮਹਲਾ ੫ ॥ (੧੯੩-੯੪)

ਗੁਰ ਜੀ ਕੇ ਦਰਸਨ ਕਉ ਬਲਿ ਜਾਉ ॥ ਜਪਿ ਜਪਿ ਜੀਵਾ ਸਤਿਗੁਰ ਨਾਉ ॥੧॥

ਪਾਰਬ੍ਰਹਮ ਪੂਰਨ ਗੁਰਦੇਵ ॥ ਕਰਿ ਕਿਰਪਾ ਲਾਗਉ ਤੇਰੀ ਸੇਵ ॥੧॥ ਰਹਾਉ ॥

ਚਰਨ ਕਮਲ ਹਿਰਦੈ ਉਰ ਧਾਰੀ ॥ ਮਨ ਤਨ ਧਨ ਗੁਰ ਪ੍ਰਾਨ ਅਧਾਰੀ ॥੨॥

ਸਫਲ ਜਨਮੁ ਹੋਵੈ ਪਰਵਾਣੁ ॥ ਗੁਰੁ ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥੩॥

ਸੰਤ ਧੂਰਿ ਪਾਈਐ ਵਡਭਾਗੀ ॥ ਨਾਨਕ ਗੁਰ ਭੇਟਤ ਹਰਿ ਸਿਉ ਲਿਵ ਲਾਗੀ ॥੪॥੭੦॥੧੩੯॥

**1. Gur ji ke darsan ko bal jaao, jap jap jeeva satgur naao.1.**

**2. Parbharam pooran gurdev. Kar kirpa laago teree sev.1.Rahaao.**

**3. Charan kamal hirde urdhaari, man tan dhan gur praan adhaaree.2.**

**4. Safal janam hove parvaaṇ. Gur parbharam nikat kar jaaṇ.3.**

**5. Sant dhoor payeeai vadhbaagi, Nanak gur bheṭat har sio lev laagi.4.70.139.**

1. I am prepared to sacrifice myself to meet my Guru. I live by continuously reciting the Name of the True Guru.1.

2. O my wonderful, Perfect Guru Show mercy that I may take to Your service.1.Pause.

3. The Guru's Lotus feet, I clasp to my mind and heart. I give my mind, body and wealth to the Guru, the Maker of my very life.2.

4. Having Guru, the Enlightened Lord as close to me my life has become profitable and acceptable.3.

5. Through the greatest good luck, the dust of the Saint's feet is obtained. Nanak, by meeting the Guru, the love with God is obtained.4.70.139.

ਰਾਮਕਲੀ ਮਹਲਾ ੧ (੮੭੮)

ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ॥
ਸਨਮੁਖ ਸਿਧ ਭੇਟਣ ਕਉ ਆਏ, ਨਿਹਚਉ ਦੇਹਿ ਵਡਿਆਈ॥ ੧॥
ਗੁਰ ਤਾਰਿ ਤਾਰਣਹਾਰਿਆ॥ ਦੇਹਿ ਭਗਤਿ ਪੂਰਨ
ਅਵਿਨਾਸੀ ਹਉ ਤੁਝ ਕਉ ਬਲਿਹਾਰਿਆ॥ ੧ ॥ ਰਹਾਉ॥
ਸਿਧ ਸਾਧਿਕ ਜੋਗੀ ਅਰੁ ਜੰਗਮ ਏਕੁ ਸਿਧੁ ਜਿਨੀ ਧਿਆਇਆ॥
ਪਰਸਤ ਪੈਰ ਸਿਝਤ ਤੇ ਸੁਆਮੀ, ਅਖਰੁ ਜਿਨ ਕਉ ਆਇਆ॥ ੨॥
ਜਪ ਤਪ ਸੰਜਮ ਕਰਮ ਨ ਜਾਨਾ, ਨਾਮੁ ਜਪੀ ਪ੍ਰਭ ਤੇਰਾ॥
ਗੁਰੁ ਪਰਮੇਸਰੁ ਨਾਨਕ ਭੇਟਿਓ, ਸਾਚੈ ਸਬਦਿ ਨਿਬੇਰਾ॥ ੩॥ ੬॥

**1. Ham dolat beri paap bharee hai pavan lagai mat jaaee.**
**2. Sanmukh sikh bhetan ko aae nihcho deh vadiaaee.1.**
**3. Gur taar taaran haariaa.**
**4. Deh bhagat pooran avnaasi hau tuj kau balhaaria.1.Rahaao.**
**5. Sidh saadhak jogi ar jangam ek sidh jinee dhiaaiaa.**
**6. Parsat per sijht te suaamee akhar jin kau aaiaa.2.**
**7. Jap tap sanjam karam na jaana naam japi prabh tera.**
**8. Gur parmesar nanak bhetio saache sabad nibera.3.6.**

*Raamkali First Guru*

1. My boat is filled with sins, I fear it may not overturn due to gushing of the wind.
2. My Great Master, I have purposely come to meet You. Bless me with this greatness.1.
3. O Guru, my saviour, take me across the ocean.
4. Give me the meditation of the Omnipresent and Imperishable Lord. I am sacrifice to you, my Lord.1.Pause.
5. He who contemplates on the One Lord is a perfect person, a striver, a striver, a yogi and a wandering saint.
6. They, who receive the Guru's insturction, are liberated by touching the Lord's feet.2.
7. I know not worship, self-mortification and rituals but I utter Your Name, O Lord.
8. Nanak has met the Guru-God and is saved through the True Name.3.6.

ਸੂਹੀ ਮਹਲਾ ੫ ਅਸਟਪਦੀਆ ਘਰੁ ੧੦ ਕਾਫੀ ॥
ੴ ਸਤਿਗੁਰ ਪ੍ਰਸਾਦਿ ॥

ਜੇ ਭੁਲੀ, ਜੇ ਚੁਕੀ ਸਾਇੰ ਭੀ ਤਹਿੰਜੀ ਕਾਢੀਆ ॥
ਜਿਨ੍ਹਾ ਨੇਹੁ ਦੂਜਾਣੇ ਲਗਾ, ਝੂਰਿ ਮਰਹੁ ਸੇ ਵਾਢੀਆ ॥ ੧ ॥
ਹਉ ਨਾ ਛੋਡਉ ਕੰਤ ਪਾਸਰਾ ॥ ਸਦਾ ਰੰਗੀਲਾ
ਲਾਲੁ ਪਿਆਰਾ, ਏਹੁ ਮਹਿੰਜਾ ਆਸਰਾ ॥ ੧ ॥ ਰਹਾਉ ॥
ਸਜਣੁ ਤੂਹੈ, ਸੈਣੁ ਤੂ, ਮੈ ਤੁਝ ਉਪਰਿ ਬਹੁ ਮਾਣੀਆ ॥
ਜਾ ਤੂ ਅੰਦਰਿ ਤਾ ਸੁਖੇ, ਤੂੰ ਨਿਮਾਣੀ ਮਾਣੀਆ ॥ ੨ ॥
ਜੇ ਤੂ ਤੁਠਾ ਕ੍ਰਿਪਾ ਨਿਧਾਨ, ਨਾ ਦੂਜਾ ਵੇਖਾਲਿ ॥
ਏਹਾ ਪਾਈ ਮੂ ਦਾਤੜੀ, ਨਿਤ ਹਿਰਦੈ ਰਖਾ ਸਮਾਲਿ ॥ ੩ ॥

**1. jeh bhulee, jeh chukee saaee, bhee tehanjee kaadheeaa.**
**2. Jina nehu doojaaṇe laga, jhoor maroh se vaadheeaa.1.**
**3. Hau na chhodo kant paasaara.**
**4. Sada rangeela lal piaaraa, eho menhjo aasra.1.Rahaao.**
**5. Sajan teheh saiṇ too mai tujh upar bauh maaneeaa.2.**
**6. Ja too andar ta sukh toon nimaaṇee maṇeeaa.**
**7. Je too ḍitha nidhaan nadooja vekhaal.**
**8. Eha paaee moo daataṛee nit hrdairakha samaal.3.**

*Soohee Fifth Guru*

1. If I have strayed, if I have erred even then I am called Your bride,O Lord.
2. The discarded ones who have enshrined love for others, they die repeating. 1.
3. I Shall leave not my spouses' side.
4. Even beauteous is my sweet love. This alone is my mainstay. 1.Pause.
5. You are my friend, You are my the kinsman and on You I take great pride O, Lord.
6. When You abide within me than am I at peace. I am the dishonoured one, but You are my honour O my Groom.2.
7. If You are merciful, O Lord, the Treasure of Compassion then, make me not to see another.
8. May I be blessed with this boon that I may ever remember You in my mind.3.

Sri Satguru Jagjit Singh Ji eLibrary NamdhariElibrary@gmail.com

ਤਿਲੰਗ ਮਹਲਾ ੫ ਘਰੁ ੩ ॥ (੭੨੪)

ਮਿਹਰਵਾਨੁ ਸਾਹਿਬੁ ਮਿਹਰਵਾਨੁ ॥ ਸਾਹਿਬੁ ਮੇਰਾ ਮਿਹਰਵਾਨੁ ॥
ਜੀਅ ਸਗਲ ਕਉ ਦੇਇ ਦਾਨੁ ॥ ਰਹਾਉ ॥
ਤੂ ਕਾਹੇ ਡੋਲਹਿ ਪ੍ਰਾਣੀਆ, ਤੁਧੁ ਰਾਖੈਗਾ ਸਿਰਜਣਹਾਰੁ ॥
ਜਿਨਿ ਪੈਦਾਇਸਿ ਤੂ ਕੀਆ, ਸੋਈ ਦੇਇ ਆਧਾਰੁ ॥ ੧ ॥
ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥
ਘਟਿ ਘਟਿ ਮਾਲਕੁ ਦਿਲਾ ਕਾ, ਸਚਾ ਪਰਵਦਗਾਰੁ ॥ ੨ ॥
ਕੁਦਰਤਿ ਕੀਮ ਨ ਜਾਣੀਐ, ਵਡਾ ਵੇਪਰਵਾਹੁ ॥
ਕਰਿ ਬੰਦੇ ਤੂ ਬੰਦਗੀ, ਜਿਚਰੁ ਘਟ ਮਹਿ ਸਾਹੁ ॥ ੩ ॥
ਤੂ ਸਮਰਥੁ, ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ ॥
ਰਹਮ ਤੇਰੀ ਸੁਖੁ ਪਾਇਆ, ਸਦਾ ਨਾਨਕ ਕੀ ਅਰਦਾਸਿ ॥ ੪ ॥ ੩ ॥

1. Miharvaan sahib miharvaan. Sahib mera miharvaan.

2 Jia sagal kau de daan.Rahaao.

3. Too kaahe doleh praṇeeaa tudh raakhega sirjaṇhaar.

4. Jin paidaais too heeaa soee d-ee aadhaar.1.

5. Jin upaee medani soi karda saar.

6. Ghat ghat maakak dila ka sacha parvadgaar.2.

**7. Qudrat keem na jaaṇeea vada veparvaah.**

**8. Kar bande too bandagi jichar ghat meh sah.3.**

**9. Too samarath akath agochar jeeo pind teri raas.**

**10. Rahm teri sukh paaiaa sada Nanak kee ardaas.4.3.**

*Tilang Fifth Guru*

1. Merciful and Beneficent is the Lord. Merciful is my Master.
2. He blesses all with His bounties.Pause.
3. Why do you doubt, O man? The creator shall protect you.
4. He, who gave you birth, will provide for your maintenance.1.
5. He, who has created the world, takes care of it.
6. He is the Master of all hearts and the True Sustainer of all.2.
7. His power and worth cannot be known. He is great and independent.
8. O man, meditate on the Lord till the last breath in your body.3.
9. You are the All-powerful, Indescribable and Unreadable Lord; my body and soul are Yours.
10. In Your mercy lies my peace. Nanak always prays for your grace.4.3.

ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੧ (੧੨੬੬)

ਕਿਆ ਤੂ ਸੋਚਹਿ ਕਿਆ ਤੂ ਚਿਤਵਹਿ, ਕਿਆ ਤੂੰ ਕਰਹਿ ਉਪਾਏ॥
ਤਾ ਕਉ ਕਹਹੁ ਪਰਵਾਹ ਕਾਹੂ ਕੀ, ਜਿਹ ਗੋਪਾਲ ਸਹਾਏ॥
ਬਰਸੈ ਮੇਘੁ ਸੁਖੀ ਘਰਿ ਪਾਹੁਨ ਆਏ॥
ਮੋਹਿ ਦੀਨ ਕ੍ਰਿਪਾਨਿਧਿ ਠਾਕੁਰ, ਨਵ ਨਿਧਿ ਨਾਮਿ ਸਮਾਏ॥ ੧॥ ਰਹਾਉ॥
ਅਨਿਕ ਪ੍ਰਕਾਰ ਭੋਜਨ ਬਹੁ ਕੀਏ, ਬਹੁ ਬਿੰਜਨ ਮਿਸਟਾਏ॥

**1. Kia too socheh kia tu chitveh kia too kareh upaae.**

**2. Ta kau kahoh parvah kaahoo kee jih gopaal sahaae.**

**3. Barsai megh sukhee ghar paahun aae.**

**4. Mohe deen kirpaanidh thaakur nav nidh naam samaae.1.Rahaao.**

**5. Anik parkaar bhojan bauh kee-e bou binjan mistaye.**

1. What are you considering, what are you thinking and what effort are you making.
2. He, whose support is the world's Sustainer, is not bothered with anything else.
3. The clouds rain, O my friend. The Lord has walked into my home.
4. I am meek (shy), my Master is an ocean of Mercy, O God, merge, me in Your Name, the giver of nine treasure's.1.Pause.
5. I have prepared food and sweet dishes in many ways.

ਮਲਾਰ ਮਹਲਾ ੫ ॥ (੧੨੦੬)

ਕਰੀ ਪਾਕਸਾਲ ਸੋਚ ਪਵਿਤ੍ਰਾ, ਹੁਣਿ ਲਾਵਹੁ ਭੋਗੁ ਹਰਿ ਰਾਏ॥ ੨॥
ਦੁਸਟ ਬਿਦਾਰੇ ਸਾਜਨ ਰਹਸੇ, ਇਹਿ ਮੰਦਿਰ ਘਰ ਅਪਨਾਏ॥
ਜਉ ਗ੍ਰਿਹ ਲਾਲੁ ਰੰਗੀਓ ਆਇਆ, ਤਉ ਮੈ ਸਭਿ ਸੁਖ ਪਾਏ॥ ੩॥
ਸੰਤ ਸਭਾ ਓਟ ਗੁਰ ਪੂਰੇ, ਧੁਰਿ ਮਸਤਕਿ ਲੇਖੁ ਲਿਖਾਏ॥
ਜਨ ਨਾਨਕ ਕੰਤੁ ਰੰਗੀਲਾ ਪਾਇਆ, ਫਿਰਿ ਦੂਖੁ ਨ ਲਾਗੈ ਆਏ॥ ੪॥ ੧॥

1. Karee paaksaal soch pavitraa hun laavoh bhog harraae. 2.
2. Dust bidaare saajan rehae ih mandar ghar opnaae.
3. Jau girch laal rangeeo aaiaa taw mai sabh sukh paae.3.
4. Sant sabha ot gur poore dhur mastak lekh likhaae.
5. Jan Nanak kant rangeela paaiee phir dookh na laage aae.4.1.

*Malaar Fifth Guru*

1. I have made the kitchen neat and pure, O Lord, take the offering.2.
2. The villains are destroyed and friends are pleased. Now my Lord You own my mansion and home.
3. When the Beloved (God) walked into my home, I obtained all comforts.3.
4. In the society of saints, I am blessed with the protection of the Guru because this was pro-ordained to be so.
5. Nanak has attained his blissful Spouse (God) and now he shall suffer no more sorrow.4.1.

## ਪਉੜੀ ॥ ਮਾਰੂ ਡਖਣੇ ਵਾਰ ਮ: ੫

(੧੧੦੧-੨)

ਹਰਿ ਜੀ ਮਾਤਾ, ਹਰਿ ਜੀ ਪਿਤਾ, ਹਰਿ ਜੀਉ ਪ੍ਰਤਿਪਾਲਕ ॥
ਹਰਿ ਜੀ ਮੇਰੀ ਸਾਰ ਕਰੇ, ਹਮ ਹਰਿ ਕੇ ਬਾਲਕ ॥
ਸਹਜੇ ਸਹਜਿ ਖਿਲਾਇਦਾ, ਨਹੀ ਕਰਦਾ ਆਲਕ ॥
ਅਉਗਣੁ ਕੋ ਨ ਚਿਤਾਰਦਾ, ਗਲ ਸੇਤੀ ਲਾਇਕ ॥
ਮੁਹਿ ਮੰਗਾਂ ਸੋਈ ਦੇਵਦਾ, ਹਰਿ ਪਿਤਾ ਸੁਖਦਾਇਕ ॥
ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥
ਸਾਝੀ ਗੁਰ ਨਾਲਿ ਬਹਾਲਿਆ, ਸਰਬ ਸੁਖ ਪਾਇਕ ॥
ਮੈ ਨਾਲਹੁ ਕਦੇ ਨ ਵਿਛੁੜੈ, ਹਰਿ ਪਿਤਾ ਸਭਨਾ ਗਲਾ ਲਾਇਕ ॥ ੨੧ ॥

**1. Har ji maata, har ji pita,**
**2. har ji meree saar kare, ham har ke baalak.**
**2. Sehje sehaj khilaaida, nahee karda aalak.**
**3. Augaṇ ko na chitaarda, gal seti laaik.**
**4. Muhe manga soe devda har pita sukhdaaik.**
**5. Giaan raas naam dhan saupion is saude laaik.**
**6. Saajhee gur naal behaalia sarb mukh paaik.**
**8. Mai naaloh kade na vichdhrai har pita sabhna gala layek.21.**

1. The Reverend Lord is my Mother, Reverend Lord is my Father and the Reverend Lord is my Cherisher.
2. Reverend God takes care of me and I am the child of God.
3. Slowly and steadily He feeds me and makes me not lazy.
4. He reminds me not of my demerits and hugs me to His bosom.
5. He blesses me with that, what I ask for with my mouth. God is my peace-giving Father.
6. The Lord has blessed me with the capital of Divine knowledge and the wealth of His Name and made meworthy of this merchandise.
7. He has (made) or (seated) me a partner with the Guru and I have obtained all the comforts.
8. The Lord, my Father, who is potent to do all the things, separates not from me ever.21.

Sri Satguru Jagjit Singh Ji eLibrary NamdhariElibrary@gmail.com

# LAAVAAN
# THE WEDDING SONG

Sri Satguru Jagjit Singh Ji eLibrary NamdhariElibrary@gmail.com

ਸੂਹੀ ਮਹਲਾ ੪ ॥ (੭੭੩)

ਹਰਿ ਪਹਿਲੜੀ ਲਾਵ, ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥
ਬਾਣੀ ਬ੍ਰਹਮਾ ਵੇਦੁ, ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ, ਸਿਮ੍ਰਿਤਿ ਨਾਮੁ ਦ੍ਰਿੜਾਇਆ ॥
ਸਤਿਗੁਰੁ ਗੁਰੁ ਪੂਰਾ ਆਰਾਧਹੁ, ਸਭਿ ਕਿਲਵਿਖ ਪਾਪ ਗਵਾਇਆ ॥
ਸਹਜ ਅਨੰਦੁ ਹੋਆ ਵਡਭਾਗੀ, ਮਨਿ ਹਰਿ ਹਰਿ ਮੀਠਾ ਲਾਇਆ ॥
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥ ੧ ॥

**1. Har pehilaṛee laav parvirtee karam driṛaa-i-aa baliraam jee-o**
**2. Baaṇee brahmaa ved dharam driṛoho paap tajaa-i-aa baliraam jee-o**
**3. Dharam driṛaho har naam dhi-aavoho simrit Naam driṛaa-i-aa**
**4. Satigur gur pooraa araadhoho sabh kilavikh paap gavaaiaa**
**5. Sehj anand ho-aa vadbhaagee man har har meethaa laa-i-aa**
**6. Jan kahai Nanak laav pehilee aarambh kaaj rachaa-i-aa.1.**

1. Proceeding forth into the first nuptial round, the Lord sets out His Instructions for performing the daily duties of married life:
2. Rather than the hymns of the Brahma's Vedas you are to recite the Hymns of the Guru, and be constant in the performance of your duty. Thus the sins of the past are washed away.
3. Be confirmed in righteousness and meditate and reflect upon the Lord's Name.
4. Reflect upon the True Guru, the all sins and errors shall leave you.
5. The ecstasy of consciousness is experienced, by the greatest good fortune and thoughts of the Lord, the Sweet Lord, fills the mind.
6. Servant Nanak proclaims that by the first nuptial round, the marriage ceremony has begun! 1.

ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥
ਨਿਰਭਉ ਭੈ ਮਨੁ ਹੋਇ, ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥
ਨਿਰਮਲੁ ਭਉ ਪਾਇਆ, ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥
ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ, ਮਿਲਿ ਹਰਿ ਜਨ ਮੰਗਲ ਗਾਏ ॥
ਜਨ ਨਾਨਕ ਦੂਜੀ ਲਾਵ ਚਲਾਈ, ਅਨਹਦ ਸਬਦ ਵਜਾਏ ॥ ੨ ॥

**1. Har doojaree laav satigur purakh milaa-i-aa baliraam jee-o**
**2. Nirbhau bhai man ho-e, haumai mail gavaa-i-aa baliraam jee-o**
**3. Nirmal bhau paa-i-aa har gun gaa-i-aa har vekhe raam hadoore**
**4. Har aatam raam pasaari-aa su-aamee sarab rehi-aa bharpoore**
**5. Antar baahar har prabh eko mil har jan mangal gaa-e**
**6. Jan Nanak doojee laav chalaa-ee anahad shabad vajaa-e. 2.**

1. Comes the second nuptial round, and the Lord has led you to meet the True Guru.
2. With your heart bound by obeisance to the Fearless Lord, all sense of pride is washed from the mind.
3. Coming to know the fear of the Pure, Inmaculate Lord, and singing the Glorious Praises of the Lord, you behold His presence before you.
4. God, the Lord master, is the Soul of world, He is only the One Lord God. Meeting together, the servants of the Lord rejoice and sing His Joyful Praises.
6. Servant Nanak proclaims that in this, the second nuptial round, the Divine Music of the Word of God is heard! 2.

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥
ਨਿਰਮਲੁ ਹਰਿ ਪਾਇਆ, ਹਰਿ ਗੁਣ ਗਾਇਆ, ਮੁਖਿ ਬੋਲੀ ਹਰਿ ਬਾਣੀ ॥
ਸੰਤ ਜਨਾ ਵਡਭਾਗੀ ਪਾਇਆ, ਹਰਿ ਕਥੀਐ ਅਕਥ ਕਹਾਣੀ ॥
ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ, ਹਰਿ ਜਪੀਐ ਮਸਤਕਿ ਭਾਗੁ ਜੀਉ ॥
ਜਨੁ ਨਾਨਕੁ ਬੋਲੇ ਤੀਜੀ ਲਾਵੈ, ਹਰਿ ਉਪਜੈ ਮਨਿ ਬੈਰਾਗੁ ਜੀਉ ॥ ੩ ॥

**1. Har teejaree laav man chaa-o bha-i-aa bairaagee-aa baliraam jee-o.**
**2. Sant janaa har mel har paa-i-aa vadabhaagee-aa baliraam jee-o.**
**3. Nirmal har paa-i-aa har gun gaa-i-aa mukh bolee har baanee.**
**4. Sant janaa vadabhaagee paa-i-aa Har kathee-ai akath kahaanee.**
**5. Hirdai Har Har Har dhun upajee har japee-ai mastak bhaag jee-o.**
**6. Jan Nanak bole teejee laavai Har upajai man bairaag jee-o. 3.**

1. In the third nuptial round, the Praises of the Lord fill the mind.
2. Meeting together with the saintly servants of the Lord, I have found the Lord, by the greatest good fortune.
3. I have found the Pure Immaculate Lord, I sing the Glorious Praises of the Lord, and I speak the Words of the Lord.
4. The saintly servants of the Lord, by great good fortune, attain to the Lord, and tell that story of God which cannot be told.
5. Within the heart resounds the sound of the Lord's Name, Har, Har, Har. Chanting His Name, we realize the good destiny written upon our foreheads.
6. Servant Nanak Proclaims that in this, The third nuptial round, the Love of god is awakened in the heart.3.

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ, ਹਰਿ ਪਾਇਆ ਬਲਿ ਰਾਮ ਜੀਉ ॥
ਗੁਰਮੁਖਿ ਮਿਲਿਆ ਸੁਭਾਇ, ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥
ਹਰਿ ਮੀਠਾ ਲਾਇਆ, ਮੇਰੇ ਪ੍ਰਭ ਭਾਇਆ, ਅਨਦਿਨੁ ਹਰਿ ਲਿਵ ਲਾਈ ॥
ਮਨ ਚਿੰਦਿਆ ਫਲੁ ਪਾਇਆ ਸੁਆਮੀ, ਹਰਿ ਨਾਮਿ ਵਜੀ ਵਾਧਾਈ ॥
ਹਰਿ ਪ੍ਰਭਿ ਠਾਕੁਰਿ, ਕਾਜੁ ਰਚਾਇਆ, ਧਨ ਹਿਰਦੈ ਨਾਮਿ ਵਿਗਾਸੀ ॥
ਜਨੁ ਨਾਨਕੁ ਬੋਲੇ ਚਉਥੀ ਲਾਵੈ, ਹਰਿ ਪਾਇਆ ਪ੍ਰਭੁ ਅਵਿਨਾਸੀ ॥ ੪ ॥ ੨ ॥

**1. Har chautharee laav man sehj bha-i-aa har paa-i-aa baliraam jee-o.**
**2. Gurmukh mili-aa subhaa-e har man tan meethaa laa-i-aa baliraam jee-o.**
**3. Har meethaa laa-i-aa mere prabh bhaa-iaa anadin har liv laa-ee.**
**4. Man chindi-aa fal paa-i-aa su-aamee har naam vajee vaadhaa-ee.**
**5. Har prabh thaakur kaaj rachaa-i-aa dhan hirdai naam vigaasee.**
**6. Jan Nanak bole chauthee laavai har paa-i-aa prabh avinaasee.4.2.**

1. In this the fourth nuptial round, the mind has come to be at peaceful ease. I have obtained my Beloved Lord God.
2. By the Guru's Grace we have come to meet the Lord with ease. Our bodies and minds are filled with the sweet delight of the Lord's Love.
3. The Lord is so sweet to me, and I have become pleasing to Him. Night and day, I am filled with the love of the Lord.
4. I have obtained my Lord Master, the fruit of my heart's desire, and I vibrate the Praises of the Name of the Lord.
5. Lord God, the Master, merges with His Holy Bride, and the heart of the bride blossoms forth with His Name.
6. Servant Nanak proclaims that in this, the fourth nuptial round, we have found the Eternal Lord God.4.2.

ਸਿਰੀਰਾਗੁ ਮਹਲਾ ੪ (੭੮)

ਵੀਆਹੁ ਹੋਆ ਮੇਰੇ ਬਾਬੁਲਾ, ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ, ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ, ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ, ਦੁਖੁ ਲਾਥਾ, ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ, ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ, ਗੁਰਮੁਖੇ ਹਰਿ ਪਾਇਆ ॥ ੨ ॥

**1. Vee-aaho ho-aa mere baabulaa gurmukhe har paa-i-aa.**
**2. Agi-aan andheraa kati-aa gur gi-aan prachand balaa-i-aa.**
**3. Bali-aa gur gi-aan andheraa binasi-aa har ratan padaarath laadhaa.**
**4. Haumai rog ga-i-aa dukh laathaa aap aapai gurmat khaadhaa.**
**5. Akaal moorat var paa-i-aa abinaasee na kadé marai na jaa-i-aa.**
**6. Vee-aaho ho-aa mere baabolaa gurmukhe har paa-i-aa.2.**

1. My marriage has been performed, O my father. By Guru's Instructions. I have obtained the Lord.
2. The darkness of ignorance has been dispelled. The Guru has blazed the brilliant Light of divine knowledge.
3. This knowledge given by the Guru radiates Light and dispells darkness. I have found the Priceless jewel of the Lord.
4. The disease of ego has left me, and my pain is relieved. by Guru's Teachings, my identity has consumed my identical identity.
5. I have obtained as my spouse the Lord, of Immortal form. He never goes away.
6. My marriage has been performed, O my father. By Guru's Instructions, I have obtained the Lord.2.

ਸਿਰੀਰਾਗ ਵਾਰ ਮਹਲਾ ੪ (ਪਉੜੀ ॥) (੯੧)

ਕੀਤਾ ਲੋੜੀਐ ਕੰਮੁ, ਸੁ ਹਰਿ ਪਹਿ ਆਖੀਐ ॥
ਕਾਰਜੁ ਦੇਇ ਸਵਾਰਿ, ਸਤਿਗੁਰ ਸਚੁ ਸਾਖੀਐ ॥
ਸੰਤਾ ਸੰਗਿ ਨਿਧਾਨੁ, ਅੰਮ੍ਰਿਤੁ ਚਾਖੀਐ ॥
ਭੈ ਭੰਜਨ ਮਿਹਰਵਾਨ, ਦਾਸ ਕੀ ਰਾਖੀਐ ॥
ਨਾਨਕ ਹਰਿ ਗੁਣ ਗਾਇ, ਅਲਖੁ ਪ੍ਰਭੁ ਲਾਖੀਐ ॥ ੨੦ ॥

**1. Keeta loree-ai kamm, su har paih aakhee-ai.**

**2. Kaarj de-e Sawaar, satgur sach saakhee-ai.**

**3. Santaa sang nidhaan, amrit chaakhee-ai.**

**4. Bhai bhanjan miharvaan, daas ki raakhee-ai.**

**5. Nanak Har gun gaae, alakh Prabh laakhee-ai. 20.**

1. Whatever work, you desire to do, tell that to the Lord.
2. He shall accomplish that affair. The True Guru bears true testimony to it.
3. By the company of the saints, you shall taste the treasure of the Name-Nectar.
4. The merciful Lord, the destroyer of dread, preserves the honour of His slave.
5. Nanak, sing the praises of God and you shall see the invisible Lord.20.

ਸਲੋਕ ਮ: ੫ ॥

ਉਸਤਤਿ ਨਿੰਦਾ ਨਾਨਕ ਜੀ, ਮੈ ਹਭ ਵਞਾਈ, ਛੋੜਿਆ ਹਭੁ ਕਿਝੁ ਤਿਆਗੀ॥
ਹਭੇ ਸਾਕ ਕੂੜਾਵੇ ਡਿਠੇ, ਤਉ ਪਲੈ ਤੈਡੈ ਲਾਗੀ॥ ੧॥ ੧੪॥ (੯੬੩)

**1. Ustat ninda Nanak ji, mai habh vajhaaee, chhoriaa hubh kijh tiaagee.**
**2. Habhe saak kuraavai dithai, tau palai tedai laagee.1.14.**

1. From my mind, O Nanak, I have wholly banished praising and slandering others and have forsaken and abandoned all other worldly affairs.
2. I have seen all the kinsmen to be false, then I have attached myself to your skirt, O my Lord.1.14.

ਰਾਮਕਲੀ ਮਹਲਾ ੩ ਅਨੰਦੁ
ੴ ਸਤਿਗੁਰ ਪ੍ਰਸਾਦਿ ॥

**RAAMKALEE MEHLA TEEJA ANAND**
**IK-OANKAAR**
**SATGUR PRASAAD**

**ANAND SAHIB - THE SONG OF BLISS**
**THERE IS ONE GOD**
**BY THE GRACE OF THE TRUE GURU.**

| ਰਾਮਕਲੀ ਮਹਲਾ ੩ ਅਨੰਦੁ<br>੧ੴ ਸਤਿਗੁਰ ਪ੍ਰਸਾਦਿ ॥ | **RAAMKALEE MEHLA 3 ANAND IK-OANKAAR SATGUR PRASAAD** | **ANAND SAHIB- THE SONG OF BLISS THERE IS ONE GOD.BY THE GRACE OF THE TRUE GURU** |
|---|---|---|
| ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥ | **Anand bha-i-aa meree maa-e satigur mai paa-i-aa** | I am in bliss, O my mother as I have found my True Guru. |
| ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥ | **Satgur ta paa-i-aa .sehj setee man vajee-aa vaadhaa-ee-aa** | I have found the True Guru. with such natural case, and the Music of Bliss resounds within my, mind. |
| ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥ | **Raag ratan parvaar paree-aa sabad gaavan aa-ee-aa** | The jewelled melodies and their related celestial harmonies have come to sing the Shabad, the Word of God. |
| ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥ | **Sabado ta gaavaho haree keraa man jinee vasaa-i-aa** | So sing the Shabad, and the Lord shall come to dwell in the mind. |
| ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥ ੧ ॥ | **Kahai Nanak anand ho-aa satguroo mai paa-i-aa.1.** | Says Nanak: I am in ecstasy, for I have found my True Guru.1. |

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥
ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ॥ ੨॥

**Ae man meri-aa too sadaa raho har naale.**

**Har naal raho too mann mere dookh sabh visaaranaa.**

**Angeekaar oho kare teraa kaaraj sabh savaaranaa.**

**Sabhanaa galaa samarath suaamee.**

**so ki-o manaho visaare.**

**Kahai Nanak mann mere sadaa raho har naale.2.**

O my mind, remain always with the Lord.

Remain always with the Lord.

O my mind, and all sufferings shall be arranged.

The Lord Master is All-Powerful to do all things,

So why forget Him from your mind?

Says Nanak, O my mind remain always with the Lord.2.

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥
ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥
ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ॥
ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ॥
ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ॥ ੩॥

**Saache saahibaa ki-aa naahee ghar tere.**
**Ghar ta terai sabh kichh hai jis de-eh so paav-e.**
**Sadaa sifat salaah teree naam man vasaava-e.**
**Naam jin kai man vasai-aa vaaje shabad ghanere.**
**Kahai Nanak sache saahib ki-aa naahee ghar terai.3.**

O True Master, what is not within Your Home?
Within Your Home are all things. As You give, so we receive.
Constantly singing your Praises and Glories, the Naam is enshrined within the mind.
Within the mind the Naam abides, and the Shabad, the Word, resounds.
Says Nanak, O True Master, what is there which is not within Your Home? 3.

ਸਾਚਾ ਨਾਮੁ ਮੇਰਾ ਆਧਾਰੋ॥
ਸਾਚੁ ਨਾਮੁ ਆਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ॥
ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ॥
ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ॥
ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ॥
ਸਾਚਾ ਨਾਮੁ ਮੇਰਾ ਆਧਾਰੋ॥ ੪॥

**Saachaa naam meraa aadhaaro.**
**Saach naam adhaar meraa jin bhukha sabh gavaaee-aa.**
**Kar shaant sukh man aa-e vasi-aa jin ichhaa sabh pujaa-ee-aa.**
**Sadaa qurbaan keetaa guroo vitaho jis dee-aa e-eh vadi-aa-ee-aa.**
**Kahai Nanak sunaho santaho shabad dharaho pi-aaro.**
**Saachaa Naam meraa aadhaaro. 4.**

The True Name is my only support.
The True Name is my only support It satisfies all hunger.
It has brought peace and gladness to my mind, and It has fulfilled all my desires.
I am forever a sacrifice unto the Guru. Who possesses such Great Virtues.
Says Nanak, Listen, O Saints enshrine love for the Shabad, the Word.
The True Name is my only support. 4.

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥ ੫ ॥

**Vaajay panch shabad tit ghar sabhaagai.**
**Ghar sabhaagai shabad vaajai kalaa jit ghar dhaaree-aa.**
**Panch doot tudh vas keete kaal kantak maari-aa.**
**Dhur karam paa-i-aa tudh jin kau si naam har kai laage.**
**Kahai Nanak teh sukh ho-aa tit ghar anahad vaajaye. 5.**

The Panch Shabad, the five Primal sounds, resound in that blessed and joyful home.
That blessed home resounds with the shabad; the Lord infuses His Mighty Power into it.
Through You, we subdue the five demons of desire, and slay Death, the Torturer.
They whose destiny You have so pre-ordained, are attached to the Lord's Name.
Says Nanak, They are at peace, and within the home of their hearts, the Unstruck Sound-Current resounds.5.

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥ ੪੦ ॥ ੧ ॥

**Anand sunoh vad-bhagiho sagal manorath pure.**
**Parbrahm Prabh paia utre sagal visure.**
**Dukh rog santap utre suni sachi baani.**
**Sant saajan bha-e sarse pure Gur te jaani.**
**Sunte punit kahte pavit Satgur rahi-aa bharpoore.**
**Binvant Nanak Gur charan laage vaaje anhad toore.40.1.**

O my most lucky friends, hear, this is the Anand .(True Song of Greatest Spiritual Bliss), which fulfils all (my) objects and desires.

I have realized God and all my griefs have vanished.

My sorrows, pains and sufferings have left me on hearing the True Word.

The pious men get joy on hearing it, from the Prefect Guru.

They who hear it are pure; they who utter it are stainless and the True Guru will occupy their hearts.

(Satguru) Nanak says that the celestial trumpets blow in honour of those devotees who are absorbed in the worship of the feet of the True Guru.40.1.